2014

# ਕੈਨੇਡਾ ਵਿਚ ਮਨੁੱਖੀ ਵਪਾਰ




ਇਹ ਕਿਤਾਬਚਾ ਹਰ ਉਸ ਲਈ ਹੈ ਜੋ ਮਨੁੱਖੀ ਵਪਾਰ (ਹਿਊਮਨ ਟ੍ਰੈਫਿਕਿੰਗ) ਬਾਰੇ ਜ਼ਿਆਦਾ ਜਾਣਨਾ ਚਾਹੁੰਦਾ ਹੈ। ਇਸ ਵਿਚ ਤੁਸੀਂ ਮਨੁੱਖੀ ਵਪਾਰ ਬਾਰੇ ਆਮ ਜਾਣਕਾਰੀ ਦੇਖੋਗੇ, ਇਹ ਪਤਾ ਲਾਉਗੇ ਕਿ ਕਾਨੂੰਨ ਮਨੁੱਖੀ ਵਪਾਰ ਵਿਚ ਕੀ ਕਾਰਵਾਈ ਕਰਦਾ ਹੈ, ਸਰਕਾਰਾਂ ਕੀ ਕਰ ਰਹੀਆਂ ਹਨ, ਅਤੇ ਤੁਸੀਂ ਕੀ ਕਰ ਸਕਦੇ ਹੋ।

PEOPLE'S
LAW SCHOOL

**ਇਹ ਕਿਤਾਬਚਾ ਸਿਰਫ ਪਬਲਿਕ ਲਈ ਕਾਨੂੰਨੀ ਜਾਣਕਾਰੀ ਦਿੰਦਾ ਹੈ।
ਜੇ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਕਿਸੇ ਕਾਨੂੰਨੀ ਪੇਸ਼ਾਵਰ ਨਾਲ ਗੱਲ ਕਰੋ।**

ਮੁਫਤ

# ਅੰਦਰ ਕੀ ਹੈ?


| | |
|---|---|
| **ਮਨੁੱਖੀ ਵਪਾਰ ਦੀ ਪਰਿਭਾਸ਼ਾ** | **3** |
| **ਮਨੁੱਖੀ ਵਪਾਰ ਨੂੰ ਸਮਝਣਾ** | **4** |
| **ਮਨੁੱਖੀ ਵਪਾਰ ਦਾ ਟਾਕਰਾ ਕਰਨਾ** | **7** |
| **ਵਪਾਰ ਦਾ ਸ਼ਿਕਾਰ ਹੋਏ ਸੰਭਵ ਵਿਅਕਤੀਆਂ ਦੀ ਪਛਾਣ ਕਰਨਾ** | **10** |
| **ਤੁਸੀਂ ਕੀ ਕਰ ਸਕਦੇ ਹੋ** | **12** |
| **ਜ਼ਿਆਦਾ ਜਾਣਕਾਰੀ ਲਈ** | **13** |



ⓒ 2014, ਪੀਪਲ'ਜ਼ ਲਾਅ ਸਕੂਲ, ਬੀ ਸੀ



**ਪ੍ਰਕਾਸ਼ਕ:**
The People's Law School
150 - 900 Howe Street
Vancouver, BC V6Z 2M4
www.publiclegaled.bc.ca
ਈਮੇਲ: info@publiclegaled.bc.ca
ਟੈਲੀਫੋਨ: 604.331.5400
ਫੈਕਸ: 604.331.5401



**ਮਾਨਤਾ:**

ਸਾਮੱਗਰੀ ਬੀ ਸੀ ਦੇ ਆਫਿਸ ਟੂ ਕਮਬੈਟ ਟ੍ਰੈਫਿਕਿੰਗ ਇਨ ਪਰਸਨਜ਼ (ਓ ਸੀ ਟੀ ਆਈ ਪੀ), ਮਨਿਸਟਰੀ ਔਫ ਜਸਟਿਸ ਤੋਂ ਲਈ ਗਈ ਹੈ। ਸੌਖੇ ਸ਼ਬਦਾਂ ਵਿਚ ਲਿਖਾਈ ਅਤੇ ਸੰਪਾਦਨ Paula Burgerjon ਵਲੋਂ ਦਿੱਤਾ ਗਿਆ ਸੀ।

ਪੀਪਲ'ਜ਼ ਲਾਅ ਸਕੂਲ ਲਿਖਤਾਂ ਨੂੰ ਤਾਜ਼ਾ ਰੱਖਣ ਲਈ ਆਪਣੇ ਸਲਾਨਾ ਬੱਜਟ ਵਿਚ ਰਹਿ ਕੇ ਕੰਮ ਕਰਦਾ ਹੈ। ਕਿਤਾਬਚੇ ਫੰਡਾਂ ਮੁਤਾਬਕ ਲਿਖਤੀ ਰੂਪ ਵਿਚ ਅਤੇ ਔਨਲਾਈਨ ਮਿਲਦੇ ਹਨ। ਇਨ੍ਹਾਂ ਦੀ ਉਪਲਬਤਾ ਬਾਰੇ ਜਾਨਣ ਲਈ ਕਿਰਪਾ ਕਰਕੇ ਸਾਡਾ ਵੈੱਬਸਾਈਟ ਚੈੱਕ ਕਰੋ।



ਇਸ ਲਿਖਤ ਵਿਚਲੀ ਜਾਣਕਾਰੀ ਨੂੰ ਵਰਤਣ ਅਤੇ ਸਮਝਣ ਲਈ ਜ਼ਿੰਮੇਵਾਰੀ ਵਰਤਣ ਵਾਲੇ ਦੀ ਹੈ।

ਇਸ ਜਾਣਕਾਰੀ ਨੂੰ ਗੈਰ-ਵਪਾਰਕ ਮੰਤਵ ਲਈ ਮੁੜ ਕੇ ਤਿਆਰ ਕਰਨ ਦੀ ਆਗਿਆ ਦਿੱਤੀ ਗਈ ਹੈ ਪਰ ਪੀਪਲ'ਜ਼ ਲਾਅ ਸਕੂਲ ਨੂੰ ਕਰੈਡਿਟ ਦਿੱਤਾ ਜਾਣਾ ਜ਼ਰੂਰੀ ਹੈ। ਲਿਖਤ ਨੂੰ ਦੁਬਾਰਾ ਤਿਆਰ ਕਰਨ ਦੀ ਆਗਿਆ ਵਿਚ ਚਿੱਤਰਾਂ ਨੂੰ shutterstock.com ਦੀ ਆਗਿਆ ਲਏ ਬਿਨਾਂ ਦੁਬਾਰਾ ਵਰਤਣ ਦਾ ਹੱਕ ਸ਼ਾਮਲ ਨਹੀਂ ਹੈ।


# ਸ਼ਬਦਾਂ ਦੇ ਅਰਥ

**ਐਕਸਪਲੌਏਟੇਸ਼ਨ** — ਕਿਸੇ ਤੋਂ ਕੋਈ ਅਜਿਹੀ ਚੀਜ਼ ਕਰਕੇ ਮਜ਼ਦੂਰੀ ਕਰਵਾਉਣਾ ਜਾਂ ਸੇਵਾਵਾਂ ਲੈਣਾ ਜਿਹੜੀ ਉਸ ਨੂੰ ਵਾਜਬ ਤੌਰ 'ਤੇ ਆਪਣੀ ਸੇਫਟੀ ਲਈ ਡਰਾਏ ਜਾਂ ਉਸ ਨੂੰ ਜਾਣਦੇ ਕਿਸੇ ਜਾਣੇ ਦੀ ਸੇਫਟੀ ਲਈ ਡਰ ਪੈਦਾ ਕਰੇ, ਜੇ ਉਸ ਨੇ ਮਜ਼ਦੂਰੀ ਨਾ ਕੀਤੀ ਜਾਂ ਜੇ ਸੇਵਾਵਾਂ ਨਾ ਦਿੱਤੀਆਂ। ਇਸ ਵਿਚ ਕਿਸੇ ਦੇ ਸਰੀਰ ਵਿੱਚੋਂ ਕੋਈ ਅੰਗ ਜਾਂ ਟਿਸ਼ੂ ਕੱਢਣ ਲਈ ਧੱਕੇਸ਼ਾਹੀ, ਧੱਕੇਸ਼ਾਹੀ ਦੀਆਂ ਧਮਕੀਆਂ, ਭਰਮਾਉਣਾ ਜਾਂ ਵਧੀਕੀ ਕਰਨਾ ਵੀ ਸ਼ਾਮਲ ਹੈ।

**ਫੋਰਸਡ ਲੇਬਰ** — ਕੋਈ ਵੀ ਕੰਮ ਜਾਂ ਸੇਵਾਵਾਂ ਜੋ ਲੋਕਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ - ਕਿਸੇ ਕਿਸਮ ਦੀ ਸਜ਼ਾ ਦੀ ਧਮਕੀ ਹੇਠ।

**ਹਿਊਮਨ ਸਮਗਲਿੰਗ** — ਹੱਦਾਂ ਤੋਂ ਪਾਰ ਦਾ ਜੁਰਮ ਜਿਸ ਵਿਚ ਆਮ ਤੌਰ 'ਤੇ ਸਮਗਲ ਕੀਤੇ ਜਾ ਰਹੇ ਵਿਅਕਤੀ ਦੀ ਸਹਿਮਤੀ ਸ਼ਾਮਲ ਹੁੰਦੀ ਹੈ। ਸਮਗਲ ਕੀਤੇ ਗਏ ਵਿਅਕਤੀ ਆਪਣੇ ਟਿਕਾਣੇ ਵਾਲੇ ਦੇਸ਼ ਵਿਚ ਪਹੁੰਚਣ ਤੋਂ ਬਾਅਦ ਆਮ ਤੌਰ 'ਤੇ ਜੋ ਵੀ ਚਾਹੁਣ ਕਰਨ ਲਈ ਆਜ਼ਾਦ ਹੁੰਦੇ ਹਨ।

**ਮਾਈਗਰਾਂਟ ਸਮਗਲਿੰਗ** — ਕਿਸੇ ਕਿਸਮ ਦੀ ਅਦਾਇਗੀ ਦੇ ਬਦਲੇ ਕਿਸੇ ਨੂੰ ਕਿਸੇ ਦੇਸ਼ ਵਿਚ ਗੈਰਕਾਨੂੰਨੀ ਤੌਰ 'ਤੇ ਦਾਖਲ ਹੋਣ ਵਿਚ ਮਦਦ ਕਰਨਾ।

**ਟਰੌਮਾ ਬੌਂਡਿੰਗ** — ਮਨੁੱਖੀ ਵਪਾਰੀ ਵੱਲ ਹਾਂਪੱਖੀ ਭਾਵਨਾਵਾਂ ਵਿਕਸਤ ਹੋਣਾ।

ਇਸ ਗਲੌਸਰੀ ਵਿਚ ਦੱਸੇ ਗਏ ਸ਼ਬਦਾਂ ਨੂੰ ਲਿਖਤ ਵਿਚ ਪਹਿਲੀ ਵਾਰੀ ਵਰਤੇ ਜਾਣ ਵੇਲੇ **ਅੰਡਰਲਾਈਨ** ਕੀਤਾ ਗਿਆ ਹੈ।

# ਮਨੁੱਖੀ ਵਪਾਰ ਦੀ ਪਰਿਭਾਸ਼ਾ

## ਮਨੁੱਖੀ ਵਪਾਰ ਕੀ ਹੈ?

ਮਨੁੱਖੀ ਵਪਾਰ (ਹਿਊਮਨ ਟ੍ਰੈਫਿਕਿੰਗ) ਨੂੰ ਅਕਸਰ ਅੱਜ ਦੇ ਜ਼ਮਾਨੇ ਦੀ ਗੁਲਾਮੀ ਦੇ ਰੂਪ ਵਿਚ ਬਿਆਨ ਕੀਤਾ ਜਾਂਦਾ ਹੈ। *ਬੀ ਸੀ ਐਕਸ਼ਨ ਪਲੈਨ ਟੂ ਕਮਬੈਟ ਹਿਊਮਨ ਟ੍ਰੈਫਿਕਿੰਗ*, ਮਨੁੱਖੀ ਵਪਾਰ ਨੂੰ “ਕਿਸੇ ਵਿਅਕਤੀ ਨੂੰ ਸ਼ੋਸ਼ਣ ਦੇ ਮੰਤਵ ਲਈ ਭਰਤੀ ਕਰਨਾ, ਰੱਖਣਾ ਅਤੇ/ਜਾਂ ਕੰਟਰੋਲ ਕਰਨਾ” ਦੇ ਤੌਰ ’ਤੇ ਬਿਆਨ ਕਰਦੀ ਹੈ।

ਡਰੱਗ ਐਂਡ ਕਰਾਇਮ ਰਿਪੋਰਟ ਔਨ ਗਲੋਬਲ ਟ੍ਰੈਫਿਕਿੰਗ (2009) ਬਾਰੇ ਯੂਨਾਈਟਿਡ ਨੇਸ਼ਨਜ਼ ਦਾ ਆਫਿਸ ਦੱਸਦਾ ਹੈ ਕਿ ਮਨੁੱਖੀ ਵਪਾਰ ਦਾ ਸਭ ਤੋਂ ਆਮ ਰੂਪ (79 ਪ੍ਰਤੀਸ਼ਤ) ਕਾਮੁਕ (ਸੈਕਸ਼ੂਅਲ) ਸ਼ੋਸ਼ਣ ਹੈ। ਕਾਮੁਕ ਸ਼ੋਸ਼ਣ ਦੀਆਂ ਸ਼ਿਕਾਰ ਮੁੱਖ ਤੌਰ ’ਤੇ ਔਰਤਾਂ ਅਤੇ ਕੁੜੀਆਂ ਹਨ। ਮਨੁੱਖੀ ਵਪਾਰ ਦਾ ਦੂਜਾ ਸਭ ਤੋਂ ਆਮ ਰੂਪ ਜਬਰਨ ਮਜ਼ਦੂਰੀ (18 ਪ੍ਰਤੀਸ਼ਤ) ਹੈ। ਭਾਵੇਂ ਕਿ ਇਹ ਗਲਤ ਬਿਆਨੀ ਹੋ ਸਕਦੀ ਹੈ ਕਿਉਂਕਿ ਜਬਰਨ ਮਜ਼ਦੂਰੀ (ਫੋਰਸਡ ਲੇਬਰ) ਦਾ ਪਤਾ ਕਾਮੁਕ ਸ਼ੋਸ਼ਣ ਨਾਲੋਂ ਘੱਟ ਲੱਗਦਾ ਹੈ ਅਤੇ ਇਸ ਦੀ ਰਿਪੋਰਟ ਘੱਟ ਕੀਤੀ ਜਾਂਦੀ ਹੈ। ਮਨੁੱਖੀ ਵਪਾਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਇਕ ਗੰਭੀਰ ਜੁਰਮ ਹੈ।

ਸਾਲ 2000 ਵਿਚ, ਮਨੁੱਖੀ ਵਪਾਰ ਨਾਲ ਲੜਨ ਲਈ ਯੂਨਾਈਟਡ ਨੇਸ਼ਨਜ਼ ਨੇ ਇਕ ਅੰਤਰਰਾਸ਼ਟਰੀ ਸੰਧੀ ਅਪਣਾਈ ਜਿਸ ਨੂੰ *ਟ੍ਰੈਫਿਕਿੰਗ ਇਨ ਪਰਸਨਜ਼ ਪ੍ਰੋਟੋਕੋਲ* ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਹੋਰ ਚੀਜ਼ਾਂ ਤੋਂ ਇਲਾਵਾ, ਇਹ ਲਿਖਤ ਮਨੁੱਖੀ ਵਪਾਰ ਨੂੰ *ਕੰਮ + ਤਰੀਕੇ + ਮੰਤਵ = ਮਨੁੱਖੀ ਵਪਾਰ* ਦੇ ਤੌਰ ’ਤੇ ਪਰਿਭਾਸ਼ਤ ਕਰਦੀ ਹੈ। ਹੇਠਾਂ ਦਿੱਤਾ ਚਿੱਤਰ ਵੇਰਵਾ ਦੱਸਦਾ ਹੈ।

ਜਿਨ੍ਹਾਂ ਕੇਸਾਂ ਵਿਚ ਬੱਚੇ ਸ਼ਾਮਲ ਹੁੰਦੇ ਹਨ, ਉੱਥੇ ਉਦੋਂ ਮਨੁੱਖੀ ਵਪਾਰ ਸਮਝਿਆ ਜਾਂਦਾ ਹੈ ਜੇ ਇਹ ਦਿਖਦਾ ਹੋਵੇ ਕਿ ਬੱਚੇ ਨੂੰ **ਐਕਸਪਲੌਇਟੇਸ਼ਨ (ਸ਼ੋਸ਼ਣ)** ਦੇ ਮੰਤਵ ਲਈ ਭਰਤੀ ਕੀਤਾ ਗਿਆ ਹੈ, ਲਿਆਂਦਾ ਗਿਆ ਹੈ, ਜਾਂ ਸ਼ਰਨ ਦਿੱਤੀ ਗਈ ਹੈ।

ਅੱਗੇ ਦੱਸੇ ਮੁਤਾਬਕ ਵਪਾਰ ਦਾ ਸ਼ਿਕਾਰ ਹੋਏ ਵਿਅਕਤੀਆਂ ਦਾ ਸ਼ੋਸ਼ਣ ਬਹੁਤ ਸਾਰੇ ਰੂਪ ਵਟਾ ਸਕਦਾ ਹੈ।

### ਕਾਮੁਕ ਸ਼ੋਸ਼ਣ

ਵਪਾਰ ਦਾ ਸ਼ਿਕਾਰ ਬਣਾਈਆਂ ਔਰਤਾਂ ਨੂੰ ਵੇਸਵਾ ਜੀਵਨ ਵੱਲ ਧੱਕਿਆ ਜਾਂਦਾ ਹੈ, ਲਿੰਗਕ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ ਸਮੇਤ ਨੰਗੇ ਨਾਚਾਂ, ਮਾਲਸ਼ਾਂ ਦੇ, ਅਤੇ ਅਸ਼ਲੀਲ ਚੀਜ਼ਾਂ (ਪੋਰਨੋਗਰਾਫੀ) ਬਣਾਉਣ ਵਿਚ ਹਿੱਸਾ ਲੈਣ ਲਈ ਮਜ਼ਬੂਰ ਕੀਤਾ ਜਾਂਦਾ ਹੈ।

## ਕੰਮ + ਤਰੀਕੇ + ਮੰਤਵ = ਮਨੁੱਖੀ ਵਪਾਰ

| ਕੰਮ + | | ਤਰੀਕੇ + | | ਮੰਤਵ = ਮਨੁੱਖੀ ਵਪਾਰ |
|---|---|---|---|---|
| ਮਨੁੱਖੀ ਵਪਾਰੀ ਲਈ ਅੱਗੇ ਲਿਖਿਆਂ ਵਿੱਚੋਂ ਇਕ ਜਾਂ ਜ਼ਿਆਦਾ ਕੰਮ ਕਰਨਾ ਜ਼ਰੂਰੀ ਹੈ। | | ਅੱਗੇ ਲਿਖੇ ਤਰੀਕਿਆਂ ਵਿੱਚੋਂ ਇਕ ਜਾਂ ਜ਼ਿਆਦਾ ਦੀ ਵਰਤੋਂ ਕਰਦੇ ਹੋਏ | | ਅੱਗੇ ਲਿਖੇ ਰੂਪਾਂ ਵਿੱਚੋਂ ਕਿਸੇ ਇਕ ਵਿਚ ਜਾਂ ਜ਼ਿਆਦਾ ਵਿਚ ਸ਼ੋਸ਼ਣ ਦੇ ਮੰਤਵ ਲਈ: |
| **ਭਰਤੀ ਕਰਨਾ** | | **ਹਿੰਸਾ ਦੀ ਧਮਕੀ** | | **ਕਾਮੁਕ ਸ਼ੋਸ਼ਣ***
| **ਟ੍ਰਾਂਸਪੋਰਟ ਕਰਨਾ** | | **ਵਧੀਕੀ** | | **ਜਬਰਨ ਮਜ਼ਦੂਰੀ ਜਾਂ ਸੇਵਾਵਾਂ** |
| **ਤਬਦੀਲ ਕਰਨਾ** | ਰਾਹੀਂ | **ਅਗਵਾ** | ਲਈ | **ਗੁਲਾਮੀ**** |
| **ਸ਼ਰਨ ਦੇਣਾ** | | **ਫਰਾਡ** | | **ਚਾਕਰੀ** |
| **ਪ੍ਰਾਪਤ ਕਰਨਾ** | | **ਧੋਖਾ** | | **ਅੰਗ ਕੱਢਣ ਲਈ** |
| **ਫਾਇਦਾ ਦੇਣਾ/ਲੈਣਾ** | | **ਤਾਕਤ ਦੀ ਦੁਰਵਰਤੋਂ** | | *ਦੂਜਿਆਂ ਦੇ ਵੇਸਵਾ ਜੀਵਨ ਦੇ ਸ਼ੋਸ਼ਣ ਸਮੇਤ<br>**ਜਾਂ ਗੁਲਾਮੀ ਵਰਗੇ ਅਮਲ |

### ਜਬਰਨ ਮਜ਼ਦੂਰੀ

**ਜਬਰਨ ਮਜ਼ਦੂਰੀ** ਕੋਈ ਵੀ ਉਹ ਕੰਮ ਜਾਂ ਸਰਵਿਸ ਹੈ ਜਿਹੜੀ ਲੋਕਾਂ ਤੋਂ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ ਕਰਵਾਈ ਜਾਂਦੀ ਹੈ – ਕਿਸੇ ਤਰ੍ਹਾਂ ਦੀ ਸਜ਼ਾ ਦੀ ਧਮਕੀ ਦੇ ਕੇ। ਜਬਰਨ ਮਜ਼ਦੂਰੀ ਇਸ ਤਰ੍ਹਾਂ ਦੀਆਂ ਇੰਡਸਟਰੀਆਂ ਵਿਚ ਹੁੰਦੀ ਹੈ: ਖੇਤੀਬਾੜੀ ਅਤੇ ਮੱਛੀਆਂ ਫੜਨਾ, ਘਰੇਲੂ ਕੰਮ, ਕਨਸਟਰੱਕਸ਼ਨ, ਖਾਣਾਂ, ਨਿਰਮਾਣ, ਵੇਸਵਾਪੁਣਾ ਅਤੇ ਗੈਰਕਾਨੂੰਨੀ ਸਰਗਰਮੀਆਂ ਜੋ ਕਿ ਅਕਸਰ ਨਸ਼ਿਆਂ ਦੀ ਇੰਡਸਟਰੀ ਨਾਲ ਸੰਬੰਧਿਤ ਹੁੰਦੀਆਂ ਹਨ।

### ਧੱਕੇ ਨਾਲ ਕੋਈ ਅੰਗ ਕੱਢਣਾ

ਦੁਨੀਆਂ ਭਰ ਦੀ ਬਲੈਕ ਮਾਰਕੀਟ ਵਿਚ ਅੰਗਾਂ ਦੀ ਭਾਰੀ ਮੰਗ ਹੈ। ਧੱਕੇ ਨਾਲ ਅੰਗ ਕੱਢਣਾ ਅਕਸਰ ਗੁਪਤ ਕਲੀਨਿਕਾਂ ਵਿਚ ਕੀਤਾ ਜਾਂਦਾ ਹੈ, ਜਿੱਥੇ ਵਿਅਕਤੀ ਦੇ ਅਪਰੇਸ਼ਨ ਤੋਂ ਬਾਅਦ ਦੀ ਸੰਭਾਲ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ ਜਾਂ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਅਤੇ ਉਸ ਨੂੰ ਬਹੁਤ ਘੱਟ ਪੈਸੇ ਦਿੱਤੇ ਜਾਂਦੇ ਹਨ।

ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਕੋਈ ਵੀ ਸ਼ੋਸ਼ਣ ਕਰਵਾਉਣ ਲਈ ਕਾਨੂੰਨੀ ਤੌਰ 'ਤੇ ਸਹਿਮਤੀ ਨਹੀਂ ਦੇ ਸਕਦਾ। ਉਦਾਹਰਣ ਲਈ, ਕੋਈ ਇਸ ਕਰਕੇ ਕੈਨੇਡਾ ਨੂੰ ਮੂਵ ਹੋਣ ਲਈ ਸਹਿਮਤ ਹੁੰਦਾ ਹੈ ਕਿਉਂਕਿ ਉਸ ਨਾਲ ਅਸਲੀ ਨੌਕਰੀ ਦਾ ਵਾਅਦਾ ਕੀਤਾ ਗਿਆ ਸੀ। ਇਸ ਦੀ ਬਜਾਏ, ਜਬਰਨ ਮਜ਼ਦੂਰੀ ਵਿਚ ਉਨ੍ਹਾਂ ਨੂੰ ਡਰਾ ਕੇ ਅਤੇ ਹਿੰਸਾ ਦੀਆਂ ਧਮਕੀਆਂ ਦੇ ਕੇ ਪਾਇਆ ਜਾਂਦਾ ਹੈ। ਇਹ ਸਚਾਈ ਕਿ ਕਿਸੇ ਵਿਅਕਤੀ ਨੇ ਕੈਨੇਡਾ ਵਿਚ ਕੰਮ ਕਰਨ ਲਈ ਸਹਿਮਤੀ ਦਿੱਤੀ ਹੋ ਸਕਦੀ ਹੈ, ਇਸ ਨੂੰ ਉਪਰ ਦੱਸੀਆਂ ਗਈਆਂ ਕੰਮ ਦੀਆਂ ਹਾਲਤਾਂ ਵਿਚ ਕੰਮ ਕਰਵਾਉਣ ਲਈ ਠੀਕ ਸਿੱਧ ਕਰਨ ਦੇ ਤਰੀਕੇ ਦੇ ਤੌਰ 'ਤੇ ਨਹੀਂ ਵਰਤਿਆ ਜਾ ਸਕਦਾ।



## ਮਨੁੱਖੀ ਵਪਾਰ ਮਨੁੱਖਾਂ ਦੀ ਸਮਗਲਿੰਗ ਨਾਲੋਂ ਵੱਖਰਾ ਕਿਵੇਂ ਹੈ?

ਮਨੁੱਖੀ ਵਪਾਰ ਦੇ ਜੁਰਮ ਲਈ ਕਿਸੇ ਵਿਅਕਤੀ ਦੇ ਬਾਰਡਰ ਟੱਪਣ ਦੀ ਲੋੜ ਨਹੀਂ। ਪਰਿਭਾਸ਼ਾ ਦੇ ਤੌਰ 'ਤੇ **ਮਨੁੱਖਾਂ ਦੀ ਸਮਗਲਿੰਗ (ਹਿਊਮਨ ਸਮਗਲਿੰਗ)** ਦੇਸ਼ਾਂ ਦੀਆਂ ਹੱਦਾਂ ਟੱਪਣ ਦਾ ਜੁਰਮ ਹੈ। ਮਨੁੱਖੀ ਸਮਗਲਿੰਗ, ਜਿਸ ਨੂੰ **ਮਾਈਗਰਾਂਟ ਸਮਗਲਿੰਗ** ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਕਿ ਕਿਸੇ ਕਿਸਮ ਦੀ ਪੇਮੈਂਟ ਬਦਲੇ ਕਿਸੇ ਦੀ ਕਿਸੇ ਦੇਸ਼ ਵਿਚ ਗੈਰਕਾਨੂੰਨੀ ਦਾਖਲੇ ਵਿਚ ਮਦਦ ਕਰਨਾ। ਇਸ ਵਿਚ ਸਫਰ ਦੀਆਂ ਖਤਰਨਾਕ ਹਾਲਤਾਂ ਜਾਂ ਸਮਗਲ ਕੀਤੇ ਜਾ ਰਹੇ ਵਿਅਕਤੀ ਦੀ ਸਹਿਮਤੀ ਨਾਲ ਪਛਾਣ ਦੇ ਗਲਤ ਪੇਪਰਾਂ ਦੀ ਵਰਤੋਂ ਕਰਨਾ ਸ਼ਾਮਲ ਹੋ ਸਕਦੇ ਹਨ। ਲੋਕਾਂ ਨੂੰ ਇਕੱਲੇ ਇਕੱਲੇ ਜਾਂ ਇਕ ਵੱਡੇ ਗਰੁੱਪ ਦੇ ਹਿੱਸੇ ਵਜੋਂ ਸਮਗਲ ਕੀਤਾ ਜਾ ਸਕਦਾ ਹੈ।

***ਕੈਨੇਡਾ ਵਿਚ, ਇਮੀਗਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਐਕਟ* (2002) ਮਨੁੱਖੀ ਸਮਗਲਿੰਗ ਨੂੰ ਇਕ ਜੁਰਮ ਬਣਾਉਂਦਾ ਹੈ।**

# ਮਨੁੱਖੀ ਵਪਾਰ ਨੂੰ ਸਮਝਣਾ

## ਕੈਨੇਡਾ ਵਿਚ ਮਨੁੱਖੀ ਵਪਾਰ

ਕੈਨੇਡਾ ਵਿਚ ਵੱਡੀ ਪੱਧਰ 'ਤੇ ਮਨੁੱਖੀ ਵਪਾਰ ਹੋਣ ਦੇ ਕਾਫੀ ਸਬੂਤ ਮਿਲ ਰਹੇ ਹਨ। ਆਰ ਸੀ ਐੱਮ ਪੀ ਦਾ ਕਹਿਣਾ ਹੈ ਕਿ ਕੈਨੇਡੀਅਨ ਔਰਤਾਂ ਅਤੇ ਕੁੜੀਆਂ ਦਾ ਦੇਸ਼ ਭਰ ਵਿਚ ਸੈਕਸ ਦੇ ਵਪਾਰ ਵਿਚ ਸ਼ੋਸ਼ਣ ਕੀਤਾ ਜਾ ਰਿਹਾ ਹੈ। ਐਬਰਿਜਨਲ ਭਾਈਚਾਰਿਆਂ ਦੀਆਂ ਔਰਤਾਂ ਅਤੇ ਬੱਚਿਆਂ ਦੇ ਵੈਲਫੇਅਰ ਦੇ ਸਿਸਟਮ ਵਿਚਲੇ ਬੱਚੇ ਖਾਸ ਤੌਰ 'ਤੇ ਨੁਕਸਾਨ ਦੀ ਜ਼ਦ ਵਿਚ ਆਉਣ ਵਾਲੇ ਹਨ। ਸਥਾਨਕ ਗੈਂਗਾਂ, ਦੇਸ਼ੋਂ ਪਾਰਲੀਆਂ ਹੱਦਾਂ ਦੀਆਂ ਮੁਜਰਮਾਨਾ ਸੰਸਥਾਵਾਂ ਅਤੇ ਵਿਅਕਤੀ ਕੈਨੇਡਾ ਦੇ ਸ਼ਹਿਰਾਂ ਅਤੇ ਟਾਊਨਾਂ ਵਿਚ ਮਨੁੱਖੀ ਵਪਾਰ ਵਿਚ ਸ਼ਾਮਲ ਹਨ।

ਬਦੇਸ਼ੀ ਕਾਮੇ, ਜੋ ਕਿ ਕੈਨੇਡਾ ਵਿਚ ਕਾਨੂੰਨੀ ਤੌਰ 'ਤੇ ਜਾਂ ਗੈਰਕਾਨੂੰਨੀ ਤੌਰ 'ਤੇ ਦਾਖਲ ਹੋਏ ਹੋ ਸਕਦੇ ਹਨ, ਖੇਤੀਬਾੜੀ, ਕਨਸਟਰੱਕਸ਼ਨ, ਪ੍ਰੋਸੈਸਿੰਗ ਪਲਾਂਟਸ, ਪ੍ਰਾਹੁਣਚਾਰੀ ਦੇ ਸੈਕਟਰ ਜਾਂ ਘਰੇਲੂ ਨੌਕਰਾਂ ਦੇ ਤੌਰ 'ਤੇ ਜਬਰਨ ਮਜ਼ਦੂਰੀ ਵੱਲ ਧੱਕੇ ਜਾਂਦੇ ਹਨ। ਕੈਨੇਡਾ ਵਿਚ ਵਪਾਰ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦੀ ਅਸਲ ਗਿਣਤੀ ਦਾ ਪਤਾ ਲਾਉਣਾ ਔਖਾ ਹੈ ਕਿਉਂਕਿ ਵਪਾਰ ਦਾ ਸ਼ਿਕਾਰ ਹੋਏ ਵਿਅਕਤੀ ਅਕਸਰ ਸਾਹਮਣੇ ਆਉਣ ਤੋਂ ਹਿਚਕਚਾਉਂਦੇ ਹਨ।

ਵਪਾਰ ਦਾ ਸ਼ਿਕਾਰ ਹੋਏ ਕਿਸੇ ਵਿਅਕਤੀ ਵਲੋਂ ਮਦਦ ਮੰਗਣ ਵਿਚ ਹਿਚਕਚਾਹਟ ਕਰਨ ਦੇ ਕੁਝ ਕਾਰਨਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

### ਡਰ

ਮਨੁੱਖੀ ਵਪਾਰੀ ਡਰ ਪੈਦਾ ਕਰਨ ਲਈ ਹਿੰਸਾ ਦੀਆਂ ਧਮਕੀਆਂ, ਅਸਲੀ ਹਿੰਸਾ ਅਤੇ ਕਾਮੁਕ ਹਮਲੇ ਦੀ ਵਰਤੋਂ ਕਰਦੇ ਹਨ। ਅਕਸਰ, ਬਾਹਰੋਂ ਆਏ ਵਿਅਕਤੀ ਇਸ ਗੱਲੋਂ ਡਰਦੇ ਹਨ ਕਿ ਜੇ ਉਹ ਅਧਿਕਾਰੀਆਂ ਕੋਲ ਗਏ ਤਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਮਨੁੱਖੀ ਵਪਾਰੀ ਕਰਜ਼ਾ ਨਾ ਮੋੜੇ ਜਾਣ

ਦੀ ਸੂਰਤ ਵਿਚ ਪਰਿਵਾਰ ਦੇ ਮੈਂਬਰਾਂ ਨੂੰ ਵੀ ਹਿੰਸਾ ਦੀਆਂ ਧਮਕੀਆਂ ਦਿੰਦੇ ਹਨ।

### ਕਰਜ਼ੇ ਦੀ ਗੁਲਾਮੀ

ਬਹੁਤ ਸਾਰੇ ਲੋਕ ਜਿਨ੍ਹਾਂ ਦਾ ਵਪਾਰ ਹੋ ਰਿਹਾ ਹੁੰਦਾ ਹੈ, ਆਪਣਾ ਵਪਾਰ ਕਰਨ ਵਾਲੇ ਨੂੰ ਉਨ੍ਹਾਂ ਨੂੰ ਲਿਆਉਣ, ਵੀਜ਼ਾ ਫੀਸਾਂ, ਖਾਣਿਆਂ ਜਾਂ ਨਸ਼ਿਆਂ ਲਈ ਦੇਣਦਾਰ ਹੁੰਦੇ ਹਨ। ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਕਰਜ਼ਾ ਮੋੜੇ ਜਾਣ ਤੱਕ ਉਹ ਫ੍ਰੀ ਨਹੀਂ ਹੋ ਸਕਦੇ। ਰਕਮ ਅਕਸਰ ਧੱਕੇਸ਼ਾਹੀ ਨਾਲ ਵਧਾ ਦਿੱਤੀ ਜਾਂਦੀ ਹੈ ਤਾਂ ਜੋ ਕਰਜ਼ੇ ਦੀ ਗੁਲਾਮੀ ਜਾਰੀ ਰਹੇ।

### ਨਿਰਭਰਤਾ ਅਤੇ ਇਕਾਂਤ

ਵਪਾਰ ਦਾ ਸ਼ਿਕਾਰ ਹੋਏ ਵਿਅਕਤੀ ਦਾ ਅਕਸਰ ਕੋਈ ਪਰਿਵਾਰ ਜਾਂ ਸੋਸ਼ਲ ਨੈੱਟਵਰਕ ਨਹੀਂ ਹੁੰਦਾ। ਆਲਾ ਦੁਆਲਾ ਅਤੇ ਸਭਿਆਚਾਰ ਓਪਰਾ ਹੋ ਸਕਦਾ ਹੈ ਅਤੇ ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਮਦਦ ਲਈ ਕਿੱਥੇ ਜਾਂ ਕਿਹਦੇ ਕੋਲ ਜਾਣਾ ਹੈ। ਵਪਾਰੀ ਕਿਸੇ ਨਾਲ ਗੱਲਬਾਤ ਕਰਨ ਦੀ ਮਨਾਹੀ ਕਰ ਸਕਦਾ ਹੈ ਅਤੇ ਪੀੜਿਤ ਨੂੰ ਇਕ ਥਾਂ ਤੋਂ ਦੂਜੀ ਥਾਂ ਮੂਵ ਕਰਨਾ ਜਾਰੀ ਰੱਖ ਸਕਦਾ ਹੈ ਤਾਂ ਜੋ ਉਹ ਕਿਸੇ ਨੂੰ ਜਾਣ ਨਾ ਸਕਣ। ਵਪਾਰੀ ਪਛਾਣ ਪੱਤਰ ਖੋਹ ਸਕਦਾ ਹੈ ਅਤੇ ਪੂਰੀ ਤਰ੍ਹਾਂ ਨਿਰਭਰ ਬਣਾਉਣ ਲਈ ਨਸ਼ੇ ਜਾਂ ਸ਼ਰਾਬ ਦੇ ਸਕਦਾ ਹੈ। ਬੱਚੇ ਖਾਸ ਤੌਰ ’ਤੇ ਬਹੁਤ ਜ਼ਿਆਦਾ ਇਕੱਲਤਾ ਦੀ ਜ਼ਦ ਵਿਚ ਆਉਣ ਵਾਲੇ ਹੁੰਦੇ ਹਨ।

### ਸਦਮੇ ਦੀ ਗੁਲਾਮੀ

**ਟਰੌਮਾ ਬੌਂਡਿੰਗ** (ਸਦਮੇ ਦੀ ਗੁਲਾਮੀ) ਉਦੋਂ ਹੁੰਦੀ ਹੈ ਜਦੋਂ ਕੋਈ ਵਿਅਕਤੀ ਆਪਣੇ ਵਪਾਰੀ ਪ੍ਰਤੀ ਚੰਗੀਆਂ ਭਾਵਨਾਵਾਂ ਵਿਕਸਤ ਕਰ ਲੈਂਦਾ ਹੈ, ਆਮ ਤੌਰ ’ਤੇ ਇਕੱਲੇ ਹੋਣ ਕਰਕੇ ਅਤੇ ਵਪਾਰੀ ਵਲੋਂ ਕੰਟਰੋਲ ਕੀਤੇ ਜਾਣ ਕਰਕੇ।

### ਸ਼ਰਮ ਅਤੇ ਅਪਰਾਧ ਭਾਵਨਾ

ਮਨੁੱਖੀ ਵਪਾਰ ਦਾ ਸ਼ਿਕਾਰ ਹੋਇਆ ਕੋਈ ਵਿਅਕਤੀ ਆਪਣੇ ਅਨੁਭਵ ਕਰਕੇ ਮਦਦ ਲੈਣ ਲਈ ਬਹੁਤ ਜ਼ਿਆਦਾ ਸ਼ਰਮ ਮਹਿਸੂਸ ਕਰ ਸਕਦਾ ਹੈ। ਇਹ ਮਰਦਾਂ ਲਈ ਖਾਸ ਤੌਰ ’ਤੇ ਜ਼ਿਆਦਾ ਹੋ ਸਕਦੀ ਹੈ ਕਿਉਂਕਿ ਇਹ ਆਮ ਨਹੀਂ ਸਮਝਿਆ ਜਾਂਦਾ ਕਿ ਉਨ੍ਹਾਂ ਦਾ ਵੀ ਵਪਾਰ ਹੋ ਸਕਦਾ ਹੈ।

## ਕਿਸ ਦਾ ਵਪਾਰ ਹੁੰਦਾ ਹੈ?

ਕਿਸੇ ਦਾ ਵੀ ਵਪਾਰ ਹੋ ਸਕਦਾ ਹੈ। ਵਪਾਰੀ ਉਨ੍ਹਾਂ ਲੋਕਾਂ ਨੂੰ ਸ਼ਿਕਾਰ ਬਣਾਉਂਦੇ ਹਨ ਜਿਹੜੇ ਕਮਜ਼ੋਰ ਹੁੰਦੇ ਹਨ। ਬਹੁਤ ਸਾਰੇ ਪੱਖ ਹਨ ਜਿਹੜੇ ਦੁਨੀਆ ਭਰ ਵਿਚ ਇਸ ਕਮਜ਼ੋਰੀ ਵਿਚ ਯੋਗਦਾਨ ਪਾਉਂਦੇ ਹਨ, ਜਿਨ੍ਹਾਂ ਵਿਚ ਇਹ ਵੀ ਸ਼ਾਮਲ ਹਨ:

### ਰਾਜਨੀਤਕ ਅਸਥਿਰਤਾ

ਜੰਗ, ਸ਼ਹਿਰੀ ਹਲਚਲ, ਅਤੇ ਕੁਦਰਤੀ ਆਫਤਾਂ ਹਿਜਰਤ ਲਈ ਮਜ਼ਬੂਰ ਕਰ ਸਕਦੀਆਂ ਹਨ ਜਿੱਥੇ ਲੋਕ ਬੇਘਰੇ, ਕੰਮ ਤੋਂ ਬਿਨਾਂ ਹੋ ਸਕਦੇ ਹਨ, ਪਰਿਵਾਰ ਦੀ ਨੇੜੇ ਹੋਂਦ ਨਹੀਂ ਹੋ ਸਕਦੀ ਹੈ ਅਤੇ ਲਗਾਤਾਰ ਡਰ ਵਿਚ ਰਹਿਣਾ ਪੈ ਸਕਦਾ ਹੈ।

### ਗਰੀਬੀ

ਵਪਾਰੀ ਗਰੀਬ ਅਤੇ ਹਾਸ਼ੀਏ ਉਪਰਲੇ ਲੋਕਾਂ ਨਾਲ ਬਿਹਤਰ ਜ਼ਿੰਦਗੀ ਦੇ ਝੂਠੇ ਵਾਅਦੇ ਕਰ ਸਕਦੇ ਹਨ। ਇਹ ਲੋਕ ਆਪਣੇ ਅਤੇ ਆਪਣੇ ਪਰਿਵਾਰਾਂ ਲਈ ਵਧੀਆ ਜ਼ਿੰਦਗੀ ਪ੍ਰਦਾਨ ਕਰਨ ਦੀਆਂ ਕੋਸ਼ਿਸ਼ਾਂ ਵਿਚ ਵੱਡੇ ਖਤਰੇ ਮੁੱਲ ਲੈ ਸਕਦੇ ਹਨ।

### ਨਸਲਵਾਦ ਅਤੇ ਬਸਤੀਵਾਦ ਦਾ ਵਿਰਸਾ

ਨਸਲਵਾਦ ਅਤੇ ਬਸਤੀਵਾਦ ਲੋਕਾਂ ਨੂੰ ਹਾਸ਼ੀਏ ਉੱਪਰ ਧੱਕਣ ਵਿਚ ਯੋਗਦਾਨ ਪਾਉਂਦੇ ਹਨ, ਖਾਸ ਕਰਕੇ ਆਦਿਵਾਸੀ ਲੋਕਾਂ ਨੂੰ। ਬਸਤੀਵਾਦ ਇਕ ਪ੍ਰੈਕਟਿਸ ਹੈ ਜਿਸ ਨਾਲ ਕੋਈ ਕੌਮ ਕਿਸੇ ਬਦੇਸ਼ੀ ਧਰਤੀ ਨੂੰ ਇਸ ਦੇ ਵਸੀਲਿਆਂ ਅਤੇ ਲੋਕਾਂ ਦੀ ਲੁੱਟ ਦੇ ਮੰਤਵ ਲਈ ਕੰਟਰੋਲ ਕਰਦੀ ਹੈ। ਜਿਵੇਂ ਲੋਕ ਆਪਣੇ ਮੁਢਲੇ ਸ਼ਹਿਰੀ ਅਤੇ ਮਨੁੱਖੀ ਹੱਕਾਂ ਲਈ ਜੱਦੋਜਹਿਦ ਕਰਦੇ ਹਨ, ਬਸਤੀਵਾਦ ਦਾ ਵਿਰਸਾ ਸਾਰੇ ਇਲਾਕਿਆਂ ’ਤੇ ਅਸਰ ਪਾਉਣਾ ਜਾਰੀ ਰੱਖ ਰਿਹਾ ਹੈ।

### ਪਿਛੋਕੜ (ਐਥਨੀਸਿਟੀ)

ਐਬਰਿਜਨਲ ਔਰਤਾਂ ਅਤੇ ਕੁੜੀਆਂ ਖਾਸ ਤੌਰ ’ਤੇ ਮਨੁੱਖੀ ਵਪਾਰ ਦੀ ਜ਼ਦ ਹੇਠ ਆਉਣ ਵਾਲੀਆਂ ਹਨ ਕਿਉਂਕਿ ਉਨ੍ਹਾਂ ’ਤੇ ਹੋਰ ਪੱਖਾਂ ਦਾ ਜ਼ਿਆਦਾ ਅਸਰ ਪੈਣ ਦੀ ਸੰਭਾਵਨਾ ਹੈ ਜਿਹੜੇ ਕਿ ਰੈਜ਼ੀਡੈਂਸ਼ਲ ਸਕੂਲਾਂ ਵਿਚ ਬੁਰੇ ਵਰਤਾਉ, ਲਿੰਗ ਨਾਬਰਾਬਰਤਾ, ਘਰੇਲੂ ਹਿੰਸਾ ਜਾਂ ਬੱਚਿਆਂ ਦੀ ਭਲਾਈ ਦੇ ਸਿਸਟਮ ਨਾਲ ਜੁੜੇ ਹੋਏ ਹਨ।

### ਲਿੰਗ ਨਾਬਰਾਬਰਤਾ

ਬਹੁਤ ਸਾਰੇ ਸਭਿਆਚਾਰਾਂ ਵਿਚ, ਔਰਤਾਂ ਨੂੰ ਮਰਦਾਂ ਨਾਲੋਂ ਘੱਟ ਮਹੱਤਵ ਵਾਲੀਆਂ ਸਮਝਿਆ ਜਾਂਦਾ ਹੈ। ਬਰਾਬਰ ਦੇ ਕੰਮ ਲਈ ਔਰਤਾਂ ਨੂੰ ਘੱਟ ਪੈਸੇ ਦਿੱਤੇ ਜਾਂਦੇ ਹਨ, ਉਨ੍ਹਾਂ ਦੇ ਘੱਟ ਹੱਕ ਹਨ, ਉਨ੍ਹਾਂ ਦੀ ਘੱਟ ਸਿਹਤ ਸੰਭਾਲ ਹੈ, ਘੱਟ ਪੜ੍ਹਾਈ ਹੈ, ਉਨ੍ਹਾਂ ਕੋਲ ਘੱਟ ਪ੍ਰਾਪਰਟੀ ਹੈ ਅਤੇ ਉਨ੍ਹਾਂ ਤੋਂ ਮਰਦਾਂ ਦੀ ਅਧੀਨਗੀ ਦੀ ਉਮੀਦ ਕੀਤੀ ਜਾ ਸਕਦੀ ਹੈ।

### ਨਸ਼ਿਆਂ ਦੀਆਂ ਆਦਤਾਂ

ਵਿਰੋਧ ਨੂੰ ਖਤਮ ਕਰਨ, ਨਿਰਭਰਤਾ ਕਾਇਮ ਕਰਨ ਅਤੇ ਲੋਕਾਂ ਨੂੰ ਜਬਰਨ ਮਜ਼ਦੂਰੀ ਜਾਂ ਸੈਕਸ ਲਈ ਬੇਵਸ ਕਰਨ ਲਈ ਮਨੁੱਖੀ ਵਪਾਰੀ ਕਦੇ ਕਦੇ ਨਸ਼ੇ ਸਪਲਾਈ ਕਰਦੇ ਹਨ। ਜਿਵੇਂ ਪੀੜਿਤ ਵਿਅਕਤੀ ਆਦੀ ਹੋ ਜਾਂਦਾ ਹੈ ਤਾਂ ਮਨੁੱਖੀ ਵਪਾਰੀ ਇਸ ਕਮਜ਼ੋਰੀ ਨੂੰ ਕੰਟਰੋਲ ਕਾਇਮ ਰੱਖਣ ਲਈ ਵਰਤਦਾ ਹੈ।

### ਮਾਨਸਿਕ ਸਿਹਤ

ਮਾਨਸਿਕ ਸਿਹਤ ਦੇ ਮਸਲਿਆਂ ਵਾਲੇ ਲੋਕ, ਮਾੜੇ ਇਰਾਦਿਆਂ ਲਈ ਸਹਿਮਤੀ ਦੇਣ, ਖਤਰੇ ਦਾ ਅਨੁਮਾਨ ਲਾਉਣ ਜਾਂ ਖਤਰੇ ਦਾ ਪਤਾ ਲਾਉਣ ਵਿਚ ਸੀਮਤ ਸਮਰੱਥਾ ਨਾਲ ਜੱਦੋਜਹਿਦ ਕਰਦੇ ਹਨ। ਮਨੁੱਖੀ ਵਪਾਰੀ ਇਨ੍ਹਾਂ ਕਮਜ਼ੋਰੀਆਂ ਦਾ ਪਤਾ ਲਾਉਣ ਅਤੇ ਇਨ੍ਹਾਂ ਨੂੰ ਆਪਣੇ ਫਾਇਦੇ ਲਈ ਵਰਤਣ ਵਿਚ ਮਾਹਰ ਹੁੰਦੇ ਹਨ।

### ਗੈਂਗ ਹਿੰਸਾ

ਔਰਤਾਂ ਨਾਲ ਬੁਰਾ ਵਰਤਾਉ ਹੋ ਸਕਦਾ ਹੈ ਅਤੇ ਅਜਿਹਾ ਕਿਸੇ ਗੈਂਗ ਮੈਂਬਰ ਦੀ ਗਰਲਫ੍ਰੈਂਡ ਦੇ ਤੌਰ 'ਤੇ ਗੈਂਗ ਵਿਚ ਦਾਖਲ ਹੋ ਕੇ ਅਤੇ ਫਿਰ ਕਾਮੁਕ ਕਾਰਜਾਂ ਲਈ ਵੇਚੇ ਜਾਣ ਕਰਕੇ ਹੋ ਸਕਦਾ ਹੈ। ਗੈਂਗਾਂ ਵਿਚ ਸ਼ਾਮਲ ਪਰਿਵਾਰਾਂ ਵਿਚ ਪੈਦਾ ਹੋਏ ਜਵਾਨ ਬੱਚਿਆਂ ਤੋਂ ਅਕਸਰ ਕਿਸੇ ਵੀ ਤਰੀਕੇ ਨਾਲ ਪਰਿਵਾਰ ਦੇ ਬਿਜ਼ਨਸ ਵਿਚ ਹਿੱਸਾ ਪਾਉਣ ਦੀ ਉਸ ਤਰ੍ਹਾਂ ਉਮੀਦ ਰੱਖੀ ਜਾਂਦੀ ਹੈ ਜਿਸ ਤਰ੍ਹਾਂ ਗੈਂਗ ਇਸ ਨੂੰ ਢੁਕਵਾਂ ਸਮਝਦਾ ਹੈ।

### ਔਨਲਾਈਨ ਕਮਜ਼ੋਰੀ

ਮਨੁੱਖੀ ਵਪਾਰੀ ਵੱਡੇ ਪੱਧਰ 'ਤੇ ਸੋਸ਼ਲ ਨੈੱਟਵਰਕਿੰਗ ਅਤੇ ਵੀਡੀਓ ਚੈਟ ਸਾਈਟਾਂ ਦੀ ਵਰਤੋਂ ਲੋਕਾਂ ਨੂੰ ਭਰਮਾਉਣ, ਮਸ਼ਹੂਰੀ ਕਰਨ ਅਤੇ ਸ਼ੋਸ਼ਣ ਕਰਨ ਲਈ ਕਰ ਰਹੇ ਹਨ। ਮਨੁੱਖੀ ਵਪਾਰੀ ਆਪਣੇ ਕੰਟਰੋਲ ਨੂੰ ਹੋਰ ਵਧਾਉਣ ਲਈ ਫਿਰ ਨੰਗੀਆਂ ਜਾਂ ਇਤਰਾਜ਼ਯੋਗ ਫੋਟੋਆਂ ਦੀ ਵਰਤੋਂ ਕਰਦੇ ਹਨ – ਇਨ੍ਹਾਂ ਫੋਟੋਆਂ ਨੂੰ ਔਨਲਾਈਨ ਪਾਉਣ ਦੀ ਧਮਕੀ ਦੇ ਕੇ ਜਿੱਥੇ ਪਰਿਵਾਰ ਦੇ ਮੈਂਬਰ ਇਨ੍ਹਾਂ ਨੂੰ ਦੇਖ ਸਕਦੇ ਹੋਣ।

ਔਨਲਾਈਨ ਸੋਸ਼ਲ ਨੈੱਟਵਰਕਿੰਗ ਸਾਈਟਾਂ ਹੁਣ ਭਰਤੀ ਕਰਨ ਲਈ ਮੁੱਖ ਥਾਂਵਾਂ ਹਨ, ਅਤੇ ਇਹ ਨਿਗਰਾਨੀ ਕਰਨ ਲਈ ਸੌਖੀਆਂ ਥਾਂਵਾਂ ਦਾ ਬਦਲ ਬਣ ਗਈਆਂ ਹਨ ਜਿਵੇਂ ਕਿ ਸ਼ੌਪਿੰਗ ਮਾਲ, ਸਕੂਲ, ਬੱਸ ਸਟੇਸ਼ਨ ਅਤੇ ਪਾਰਟੀਆਂ। ਬੱਚੇ ਅਤੇ ਜਵਾਨ ਇਸ ਤਰੀਕੇ ਨਾਲ ਖਾਸ ਕਰਕੇ ਭਰਮਾਏ ਜਾ ਸਕਦੇ ਹਨ।

## ਮਨੁੱਖੀ ਵਪਾਰ ਕਿਉਂ ਹੁੰਦਾ ਹੈ?

ਮਨੁੱਖੀ ਵਪਾਰ ਦੇ ਵਿਰੋਧ ਕਰਨ ਵਾਲੇ ਇਹ ਦਲੀਲ ਦਿੰਦੇ ਹਨ ਕਿ ਮਨੁੱਖੀ ਵਪਾਰ ਹੁੰਦਾ ਹੈ ਕਿਉਂਕਿ ਸਸਤੀਆਂ ਚੀਜ਼ਾਂ, ਸਸਤੀ ਲੇਬਰ ਅਤੇ ਕਾਮੁਕ ਸੇਵਾਵਾਂ ਦੀ ਮੰਗ ਹੈ। "ਧੱਕਣ ਵਾਲੇ ਪੱਖਾਂ" ਵਿਚ ਗਰੀਬੀ, ਲਿੰਗ ਨਾਬਰਾਬਰਤਾ, ਮੌਕਿਆਂ ਅਤੇ ਪੜ੍ਹਾਈ ਦੀ ਘਾਟ, ਰਾਜਨੀਤਕ ਹਲਚਲ, ਅਤੇ ਬੇਰੁਜ਼ਗਾਰੀ ਸ਼ਾਮਲ ਹਨ। "ਖਿੱਚਣ ਵਾਲੇ ਪੱਖਾਂ" ਵਿਚ ਇਕੌਨਮੀ ਦਾ ਗਲੋਬਲੀਕਰਨ, ਸਸਤੀਆਂ ਚੀਜ਼ਾਂ ਅਤੇ ਸੇਵਾਵਾਂ ਦੀ ਮੰਗ ਅਤੇ ਕਮਿਊਨੀਕੇਸ਼ਨ ਦੀਆਂ ਨਵੀਆਂ ਤਕਨੀਕਾਂ ਸ਼ਾਮਲ ਹਨ।

ਮਨੁੱਖੀ ਵਪਾਰ ਕੋਈ ਨਵਾਂ ਨਹੀਂ ਹੈ। ਗੁਲਾਮੀ, ਚਾਕਰੀ, ਜਬਰਨ ਮਜ਼ਦੂਰੀ ਅਤੇ ਇਸ ਤਰ੍ਹਾਂ ਦੇ ਹੋਰ ਅਮਲ ਹਜ਼ਾਰਾਂ ਸਾਲਾਂ ਤੋਂ ਮੌਜੂਦ ਰਹੇ ਹਨ।

ਪਰ, ਪਿਛਲੇ ਦੋ ਦਹਾਕਿਆਂ ਵਿਚ, ਦੁਨੀਆ ਭਰ ਵਿਚ ਬਦਲ ਰਹੀਆਂ ਹਾਲਤਾਂ ਨੇ ਮਨੁੱਖੀ ਵਪਾਰ ਵਿਚ ਵਾਧਾ ਕੀਤਾ ਹੈ, ਖਾਸ ਕਰਕੇ ਔਰਤਾਂ ਅਤੇ ਕੁੜੀਆਂ ਦੇ ਵਪਾਰ ਦਾ।

## ਵਪਾਰੀ ਕੌਣ ਹਨ?

ਮਨੁੱਖੀ ਵਪਾਰ ਦੇ ਅਪਰਾਧੀ ਕਈ ਰੂਪ ਵਟਾ ਸਕਦੇ ਹਨ। ਉਹ ਆਜ਼ਾਦ ਕੰਮ ਕਰ ਸਕਦੇ ਹਨ, ਕਿਸੇ ਛੋਟੇ ਨੈੱਟਵਰਕ ਦਾ ਹਿੱਸਾ ਹੋ ਸਕਦੇ ਹਨ ਜਾਂ ਕਿਸੇ ਵੱਡੇ, ਜੁਰਮਾਂ ਦੇ ਬਾਰਡਰਾਂ ਤੋਂ ਪਾਰ ਦੇ ਜਥੇਬੰਦਕ ਨੈੱਟਵਰਕ ਦਾ ਹਿੱਸਾ ਹੋ ਸਕਦੇ ਹਨ ਜਿਹੜਾ ਲੋਕਾਂ ਨੂੰ ਲੰਮੀਆਂ ਦੂਰੀਆਂ 'ਤੇ ਮੂਵ ਕਰਦਾ ਹੈ।

ਉਹ ਪੇਸ਼ਾਵਰ ਹੋ ਸਕਦੇ ਹਨ ਜਾਂ ਗੈਰ-ਪੇਸ਼ਾਵਰ ਹੋ ਸਕਦੇ ਹਨ। ਕੋਈ ਮਨੁੱਖੀ ਵਪਾਰੀ ਅਜਨਬੀ ਹੋ ਸਕਦਾ ਹੈ, ਦੋਸਤ ਹੋ ਸਕਦਾ ਹੈ, ਪਰਿਵਾਰ ਦਾ ਮੈਂਬਰ ਹੋ ਸਕਦਾ ਹੈ, ਲੇਬਰ ਸਪਲਾਈ ਕਰਨ ਵਾਲਾ ਠੇਕੇਦਾਰ ਹੋ ਸਕਦਾ ਹੈ, ਡਿਪਲੋਮੈਟ ਹੋ ਸਕਦਾ ਹੈ, ਪੱਕਾ ਮੁਜਰਮ ਹੋ ਸਕਦਾ ਹੈ ਜਾਂ ਕੋਈ ਬਿਜ਼ਨਸ ਅਧਿਕਾਰੀ ਹੋ ਸਕਦਾ ਹੈ। ਕੁਝ ਦੇਸ਼ਾਂ ਵਿਚ, ਰੁਜ਼ਗਾਰ ਅਤੇ ਟੈਲੇਂਟ ਏਜੰਸੀਆਂ ਉਨ੍ਹਾਂ ਲੋਕਾਂ ਲਈ ਟਰੇਨਿੰਗ ਅਤੇ ਮਦਦ ਪ੍ਰਦਾਨ ਕਰਨ ਦਾ ਦਾਅਵਾ ਕਰਦੀਆਂ ਹਨ ਜੋ ਕਿ ਕਿਸੇ ਹੋਰ ਦੇਸ਼ ਵਿਚ ਜਾਇਜ਼ ਕੰਮ ਲੱਭ ਰਹੇ ਹੁੰਦੇ ਹਨ। ਅਸਲੀਅਤ ਵਿਚ ਉਨ੍ਹਾਂ ਨੂੰ ਸ਼ੋਸ਼ਣ ਦੇ ਮੰਤਵ ਲਈ ਭਰਤੀ ਕੀਤਾ ਜਾਂਦਾ ਹੈ। ਸਰਕਾਰੀ ਅਤੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਵੀ ਕਦੇ ਕਦੇ ਮਨੁੱਖੀ ਵਪਾਰ ਵਿਚ ਸ਼ਾਮਲ ਹੁੰਦੇ ਹਨ।

## ਮਨੁੱਖੀ ਵਪਾਰੀ ਕਿਵੇਂ ਮਨੁੱਖੀ ਹੱਕਾਂ ਦੀ ਉਲੰਘਣਾ ਕਰਦੇ ਹਨ?

ਮਨੁੱਖੀ ਵਪਾਰ ਮਨੁੱਖੀ ਹੱਕਾਂ ਦੀ ਇਕ ਘੋਰ ਉਲੰਘਣਾ ਹੈ, ਜਿਵੇਂ ਕਿ ਜ਼ਿੰਦਗੀ ਜੀਣ, ਆਜ਼ਾਦੀ, ਅਤੇ ਵਿਅਕਤੀ ਦੀ ਸੁਰੱਖਿਆ ਦਾ ਹੱਕ, ਅਤੇ ਗੁਲਾਮੀ ਅਤੇ ਘਟੀਆ ਸਲੂਕ ਤੋਂ ਮੁਕਤ ਰਹਿਣ ਦਾ ਹੱਕ। ਮਨੁੱਖੀ ਵਪਾਰੀ ਸ਼ਿਕਾਰ ਬਣਾਏ ਲੋਕਾਂ ਨਾਲ ਵਸਤੂਆਂ ਵਾਂਗ ਵਰਤਾਉ ਕਰਦੇ ਹਨ, ਆਪਣੇ ਫੈਸਲੇ ਕਰਨ, ਆਜ਼ਾਦ ਘੁੰਮਣ ਅਤੇ ਆਪਣੀ ਮਰਜ਼ੀ ਦੀ ਥਾਂ ਅਤੇ ਮਰਜ਼ੀ ਦੇ ਵਿਅਕਤੀ ਲਈ ਕੰਮ ਕਰਨ ਦੇ ਉਨ੍ਹਾਂ ਦੇ ਮੁਢਲੇ ਹੱਕਾਂ ਦੀ ਉਲੰਘਣਾ ਕਰਦੇ ਹੋਏ।

ਮਨੁੱਖੀ ਹੱਕਾਂ ਦੀ ਪਹੁੰਚ, ਮਨੁੱਖੀ ਵਪਾਰ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਇਕ ਮੁਜਰਮ ਦੀ ਬਜਾਏ ਹਿਫਾਜ਼ਤ ਅਤੇ ਸੇਵਾਵਾਂ ਦੀ ਲੋੜ ਵਾਲੇ ਵਿਅਕਤੀ ਵਜੋਂ ਦੇਖਦੀ ਹੈ। ਅਜਿਹੀ ਪਹੁੰਚ ਵਪਾਰ ਦਾ ਸ਼ਿਕਾਰ ਹੋਏ ਵਿਅਕਤੀ ਦੀ ਸ਼ਾਨ ਅਤੇ ਭਲਾਈ ਨੂੰ ਦੁਬਾਰਾ ਕਾਇਮ ਕਰਨ ਲਈ ਬਹੁਤ ਜ਼ਰੂਰੀ ਹੈ।

# ਮਨੁੱਖੀ ਵਪਾਰ ਦਾ ਟਾਕਰਾ ਕਰਨਾ

## ਅੰਤਰਰਾਸ਼ਟਰੀ ਕਾਨੂੰਨ: ਯੂਨਾਈਟਡ ਨੇਸ਼ਨਜ਼ ਟ੍ਰੈਫਿਕਿੰਗ ਇਨ ਪਰਸਨਜ਼ ਪ੍ਰੋਟੋਕੋਲ

ਸਾਲ 2000 ਵਿਚ, ਯੂਨਾਈਟਡ ਨੇਸ਼ਨਜ਼ ਨੇ ***ਵਿਅਕਤੀਆਂ ਦੇ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਦੇ ਵਪਾਰ ਤੋਂ ਰੋਕਥਾਮ ਕਰਨਾ, ਬੰਦ ਕਰਨਾ ਅਤੇ ਵਪਾਰੀਆਂ ਨੂੰ ਸਜ਼ਾ ਦੇਣਾ ਨਾਂ ਦੀ ਲਿਖਤ*** ਅਪਣਾਈ। *ਟ੍ਰੈਫਿਕਿੰਗ ਇਨ ਪਰਸਨਜ਼ ਪ੍ਰੋਟੋਕੋਲ* ਮਨੁੱਖੀ ਵਪਾਰ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਦੇ ਵਪਾਰ ਦਾ ਮੁਕਾਬਲਾ ਕਰਨ ਲਈ ਵੱਡੇ ਪੱਧਰ 'ਤੇ ਪ੍ਰਵਾਨਿਤ ਅੰਤਰਰਾਸ਼ਟਰੀ ਢਾਂਚੇ (ਫਰੇਮਵਰਕ) ਨੂੰ ਸਥਾਪਤ ਕਰਦੀ ਹੈ।

ਕੈਨੇਡਾ ਨੇ *ਟ੍ਰੈਫਿਕਿੰਗ ਪ੍ਰੋਟੋਕੋਲ* ਦੀ ਸਾਲ 2002 ਵਿਚ ਪੁਸ਼ਟੀ ਕੀਤੀ ਅਤੇ ਇਹ ਇਸ ਨੂੰ ਲਾਗੂ ਕਰਨ ਲਈ ਕਾਨੂੰਨ ਅਤੇ ਪ੍ਰੋਗਰਾਮ ਤਿਆਰ ਕਰਨ ਲਈ ਵਚਨਬੱਧ ਹੈ। *ਟ੍ਰੈਫਿਕਿੰਗ ਪ੍ਰੋਟੋਕੋਲ* ਪੁਸ਼ਟੀ ਕਰਨ ਵਾਲੇ ਦੇਸ਼ਾਂ ਤੋਂ ਤਿੰਨ ਮੁੱਖ ਖੇਤਰਾਂ ਵੱਲ ਧਿਆਨ ਦੇਣ ਦੀ ਮੰਗ ਕਰਦਾ ਹੈ ਜਿਸ ਨੂੰ ਤਿੰਨ ਪੀ'ਜ਼ ਆਖਿਆ ਜਾਂਦਾ ਹੈ:

- **ਪ੍ਰੋਟੈਕਸ਼ਨ (ਹਿਫਾਜ਼ਤ)** – ਵਪਾਰ ਦਾ ਸ਼ਿਕਾਰ ਹੋਣ ਵਾਲਿਆਂ ਦੀ ਰੱਖਿਆ ਅਤੇ ਮਦਦ ਕਰਨਾ।
- **ਪ੍ਰੀਵੈਨਸ਼ਨ (ਰੋਕਥਾਮ)** – ਮਨੁੱਖੀ ਵਪਾਰ ਤੋਂ ਰੋਕਥਾਮ ਕਰਨਾ ਅਤੇ ਇਸ ਦਾ ਮੁਕਾਬਲਾ ਕਰਨਾ
- **ਪ੍ਰੋਸੀਕਿਊਸ਼ਨ (ਪੈਰਵੀ ਮੁਕੱਦਮਾ)** – ਮਨੁੱਖੀ ਵਪਾਰੀ 'ਤੇ ਮੁਕੱਦਮਾ ਚਲਾਉਣਾ।

ਇਸ ਦੇ ਇਲਾਵਾ, *ਕੈਨੇਡਾ ਦੀ ਨੈਸ਼ਨਲ ਐਕਸ਼ਨ ਪਲੈਨ ਟੂ ਕਮਬੈਟ ਹਿਊਮਨ ਟ੍ਰੈਫਿਕਿੰਗ* (ਮਨੁੱਖੀ ਵਪਾਰ ਦਾ ਮੁਕਾਬਲਾ ਕਰਨ ਲਈ ਕੈਨੇਡਾ ਦੀ ਨੈਸ਼ਨਲ ਕਾਰਜ ਯੋਜਨਾ ਇਕ ਚੌਥੀ ਪੀ – ਪਾਰਟਨਰਸ਼ਿਪ ਨੂੰ ਵੀ ਮਾਨਤਾ ਦਿੰਦੀ ਹੈ।

**ਹਿੱਸੇਦਾਰੀ** – ਹਿੱਸੇਦਾਰੀ, ਹਿਫਾਜ਼ਤ, ਰੋਕਥਾਮ ਅਤੇ ਪੈਰਵੀ ਮੁਕੱਦਮੇ ਦੇ ਟੀਚਿਆਂ ਨੂੰ ਅਸਰਦਾਰ ਤਰੀਕੇ ਨਾਲ ਪੂਰਾ ਕਰਨ ਲਈ ਦੇਸ਼ਾਂ ਵਿਚਕਾਰ ਸਹਿਯੋਗ ਨੂੰ ਵਧਾਉਣਾ ਹੈ।

## ਕੈਨੇਡਾ ਦੇ ਕਾਨੂੰਨ

ਮਨੁੱਖੀ ਵਪਾਰ ਕੈਨੇਡਾ ਵਿਚ ਇਕ ਗੰਭੀਰ ਮੁਜਰਮਾਨਾ ਜੁਰਮ ਹੈ। *ਕਰਿਮੀਨਲ ਕੋਡ ਔਫ ਕੈਨੇਡਾ* ਅਤੇ ਇਮੀਗਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਐਕਟ ਦੋਨੋਂ ਮਨੁੱਖੀ ਵਪਾਰ ਦੇ ਸਾਰੇ ਪੱਖਾਂ ਨੂੰ ਅਪਰਾਧ ਘੋਸ਼ਿਤ ਕਰਦੇ ਹਨ।

ਕਰਿਮੀਨਲ ਕੋਡ ਵਿਚਲੇ ਮਨੁੱਖੀ ਵਪਾਰ ਦੇ ਚਾਰ ਜੁਰਮਾਂ ਦਾ ਸੰਖੇਪ ਅੱਗੇ ਦਿੱਤਾ ਗਿਆ ਹੈ।

*ਕਿਸੇ ਵਿਅਕਤੀ ਦਾ ਵਪਾਰ* (ਸੈਕਸ਼ਨ 279.01) ਸ਼ੋਸ਼ਣ ਦੇ ਮੰਤਵ ਲਈ ਕਿਸੇ ਦੂਜੇ ਵਿਅਕਤੀ ਵੱਲ ਖਾਸ ਕਾਰਵਾਈਆਂ ਵਿਚ ਹਿੱਸਾ ਲੈਣ ਨੂੰ ਇਕ ਜੁਰਮ ਬਣਾਉਂਦਾ ਹੈ। ਸਜ਼ਾ, ਅਗਵਾ ਕਰਨ, ਗੰਭੀਰ ਹਮਲੇ, ਕਾਮੁਕ ਹਮਲੇ ਜਾਂ ਮੌਤ ਲਈ ਜ਼ਿੰਦਗੀ ਭਰ ਜੇਲ੍ਹ ਤੋਂ ਲੈ ਕੇ ਹੋਰ ਕੇਸਾਂ ਲਈ ਵੱਧ ਤੋਂ ਵੱਧ 14 ਸਾਲ ਜੇਲ੍ਹ ਹੈ।

*ਅਠਾਰਾਂ ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਦਾ ਵਪਾਰ* (ਸੈਕਸ਼ਨ 279.011) ਘੱਟੋ ਘੱਟ ਛੇ ਸਾਲਾਂ ਦੀ ਜ਼ਰੂਰੀ ਸਜ਼ਾ ਜਮ੍ਹਾਂ ਕਰਦੀ ਹੈ ਜਿੱਥੇ ਜੁਰਮ ਵਿਚ ਗੰਭੀਰ ਹਮਲਾ, ਕਾਮੁਕ ਹਮਲਾ ਜਾਂ ਵਪਾਰ ਦਾ ਸ਼ਿਕਾਰ ਬਣੇ ਬੱਚੇ ਦੀ ਮੌਤ ਸ਼ਾਮਲ ਹੁੰਦੇ ਹਨ ਅਤੇ ਹੋਰ ਕੇਸਾਂ ਵਿਚ ਘੱਟੋ ਘੱਟ ਪੰਜ ਸਾਲਾਂ ਦੀ ਜ਼ਰੂਰੀ ਸਜ਼ਾ।

*ਮਾਟੀਰੀਅਲ ਬੈਨੇਫਿਟ* (ਸੈਕਸ਼ਨ 279.02), ਮਾਇਕ ਜਾਂ ਹੋਰ ਫਾਇਦੇ ਲੈਣ ਨੂੰ ਜੁਰਮ ਬਣਾਉਂਦਾ ਹੈ ਜਿੱਥੇ ਇਹ ਪਤਾ ਹੁੰਦਾ ਹੈ ਕਿ ਫਾਇਦਾ ਮਨੁੱਖੀ ਵਪਾਰ ਦੇ ਨਤੀਜੇ ਵਿੱਚੋਂ ਨਿਕਲਿਆ ਸੀ। ਵੱਧ ਤੋਂ ਵੱਧ ਸਜ਼ਾ 10 ਸਾਲ ਦੀ ਜੇਲ੍ਹ ਹੈ।

*ਟਰੈਵਲ ਜਾਂ ਪਛਾਣ ਦੇ ਪੇਪਰ ਖੋਹਣਾ ਜਾਂ ਤਬਾਹ ਕਰਨਾ* (ਸੈਕਸ਼ਨ 279.03), ਉਦਾਹਰਣ ਲਈ ਮਨੁੱਖੀ ਵਪਾਰ ਕਰਨ ਲਈ ਕਿਸੇ ਦਾ ਪਾਸਪੋਰਟ ਜਾਂ ਵੀਜ਼ਾ ਖੋਹਣਾ ਇਕ ਜੁਰਮ ਹੈ। ਵੱਧ ਤੋਂ ਵੱਧ ਸਜ਼ਾ ਪੰਜ ਸਾਲ ਦੀ ਜੇਲ੍ਹ ਹੈ।

**ਕਰਿਮੀਨਲ ਕੋਡ ਅਧੀਨ ਕੋਈ ਵਿਅਕਤੀ ਸ਼ੋਸ਼ਣ ਕਰਵਾਉਣ ਲਈ ਕਾਨੂੰਨੀ ਤੌਰ 'ਤੇ ਸਹਿਮਤੀ ਨਹੀਂ ਦੇ ਸਕਦਾ।**

ਕੈਨੇਡਾ ਦੇ *ਕਰਿਮੀਨਲ ਕੋਡ* ਵਿਚ ਬਹੁਤ ਸਾਰੇ ਹੋਰ ਸੈਕਸ਼ਨ ਹਨ ਜਿਨ੍ਹਾਂ ਦੀ ਵਰਤੋਂ ਮਨੁੱਖੀ ਵਪਾਰ ਵਿਚ ਸ਼ਾਮਲ ਲੋਕਾਂ 'ਤੇ ਮੁਕੱਦਮਾ ਚਲਾਉਣ ਲਈ ਕੀਤੀ ਜਾ ਸਕਦੀ ਹੈ, ਉਦਾਹਰਣ ਲਈ ਬੱਚਿਆਂ ਅਤੇ ਜਵਾਨਾਂ ਦੇ ਕਾਮੁਕ ਸ਼ੋਸ਼ਣ ਦੇ ਜੁਰਮ, ਕਾਮੁਕ ਹਮਲਾ, ਫਰਾਡ, ਜਾਅਲਸਾਜ਼ੀ, ਧੱਕੇ ਨਾਲ ਕੈਦ ਰੱਖਣਾ, ਜ਼ਬਰਦਸਤੀ ਵਸੂਲੀ ਕਰਨਾ, ਅਗਵਾ ਕਰਨਾ, ਹਮਲਾ ਕਰਨਾ, ਅਤੇ ਜਥੇਬੰਦਕ ਮੁਜਰਮਾਨਾ ਕਾਰਵਾਈ।

## ਇਮੀਗਰੇਸ਼ਨ ਅਤੇ ਰਫਿਊਜੀ ਪ੍ਰੋਟੈਕਸ਼ਨ ਐਕਟ

ਇਹ ਕਾਨੂੰਨ ਲੋਕਾਂ ਨੂੰ ਕੈਨੇਡਾ ਵਿਚ ਖਾਸ ਤਰੀਕਿਆਂ ਨਾਲ ਲਿਆਉਣ ਨੂੰ ਅਪਰਾਧ ਬਣਾਉਂਦਾ ਹੈ। ਕਿਸੇ ਨੂੰ ਬਾਰਡਰ ਟਪਾਉਣ ਲਈ ਝਾਂਸੇ, ਜਬਰ, ਅਗਵਾ, ਫਰਾਡ, ਧੱਕੇ, ਜਾਂ ਧਮਕੀਆਂ ਦੀ ਵਰਤੋਂ ਕਰਨਾ ਇਕ ਜੁਰਮ ਹੈ। ਇਸ ਤਰੀਕੇ ਨਾਲ ਭਰਤੀ ਕੀਤੇ ਗਏ ਲੋਕਾਂ ਨੂੰ ਕੈਨੇਡਾ ਲਿਆ ਕੇ ਲਕਾਉਣਾ ਜਾਂ ਇਧਰ ਉਧਰ ਲਿਜਾਣਾ ਵੀ ਇਕ ਜੁਰਮ ਹੈ।

ਇਨ੍ਹਾਂ ਜੁਰਮਾਂ ਲਈ ਸਜ਼ਾਵਾਂ 1 ਮਿਲੀਅਨ ਡਾਲਰ ਤੱਕ ਦਾ ਜੁਰਮਾਨਾ ਜਾਂ ਉਮਰ ਕੈਦ ਜਾਂ ਦੋਨੋਂ ਹਨ।
ਐਕਟ ਮਨੁੱਖੀ ਵਪਾਰ ਜਾਂ ਸਮੱਗਲਿੰਗ ਦੇ ਮੰਤਵ ਲਈ ਪਛਾਣ

ਪੱਤਰਾਂ ਦੀ ਵਰਤੋਂ ਕਰਨ ਨੂੰ ਜੁਰਮ ਬਣਾਉਂਦਾ ਹੈ, ਜਿਵੇਂ ਕਿ ਵੀਜ਼ਾ ਜਾਂ ਪਾਸਪੋਰਟ। ਇਸ ਜੁਰਮ ਲਈ ਵੱਧ ਤੋਂ ਵੱਧ ਸਜ਼ਾ 14 ਸਾਲ ਦੀ ਜੇਲ੍ਹ ਹੈ।

ਕਰਿਮੀਨਲ ਕੋਡ ਅਤੇ ਆਈ ਆਰ ਏ ਦੇ ਇਨ੍ਹਾਂ ਸੈਕਸ਼ਨਾਂ ਦੀ ਪੂਰੀ ਲਿਖਤ ਲਈ http://laws.justice.gc.ca/eng 'ਤੇ ਜਾਉ।

## ਫੈਡਰਲ ਯਤਨ

ਸਾਲ 2012 ਵਿਚ, ਕੈਨੇਡਾ ਨੇ *ਨੈਸ਼ਨਲ ਐਕਸ਼ਨ ਪਲੈਨ ਟੂ ਕਮਬੈਟ ਹਿਊਮਨ ਟ੍ਰੈਫਿਕਿੰਗ* (ਮਨੁੱਖੀ ਵਪਾਰ ਦਾ ਮੁਕਾਬਲਾ ਕਰਨ ਲਈ ਨੈਸ਼ਨਲ ਕਾਰਜ ਯੋਜਨਾ) ਤਿਆਰ ਕੀਤੀ। ਇਹ ਪਲੈਨ ਮਨੁੱਖੀ ਵਪਾਰ ਦੀ ਰੋਕਥਾਮ ਕਰਨ, ਇਸ ਦਾ ਪਤਾ ਲਾਉਣ ਅਤੇ ਮੁਕੱਦਮੇ ਚਲਾਉਣ ਲਈ ਅਤੇ ਇਸ ਦੇ ਨਾਲ ਨਾਲ ਵਪਾਰ ਦਾ ਸ਼ਿਕਾਰ ਹੋਏ ਵਿਅਕਤੀਆਂ ਲਈ ਚਾਰ ਸਾਲਾਂ ਦੇ ਸਮੇਂ ਦੌਰਾਨ 25 ਮਿਲੀਅਨ ਡਾਲਰ ਖਰਚ ਰਹੀ ਹੈ। ਪਬਲਿਕ ਸੇਫਟੀ ਕੈਨੇਡਾ ਦੀ ਅਗਵਾਈ ਹੇਠ ਹਿਊਮਨ ਟ੍ਰੈਫਿਕਿੰਗ ਟਾਸਕ ਫੋਰਸ ਸਥਾਪਤ ਕੀਤੀ ਗਈ ਹੈ।

ਜ਼ਿਆਦਾ ਜਾਣਕਾਰੀ ਲਈ http://www.publicsafety.gc.ca/cnt/cntrng-crm/hmn-trffckng/index-eng.aspx 'ਤੇ ਜਾਉ।

## ਬ੍ਰਿਟਿਸ਼ ਕੋਲੰਬੀਆ ਦੇ ਯਤਨ

ਬੀ ਸੀ ਦਾ ਔਫਿਸ ਟੂ ਕਮਬੈਟ ਟ੍ਰੈਫਿਕਿੰਗ ਇਨ ਪਰਸਨਜ਼ (ਓ ਸੀ ਟੀ ਆਈ ਪੀ), ਮਨੁੱਖੀ ਵਪਾਰ ਦਾ ਹੱਲ ਕਰਨ ਦੀ ਸੂਬਾਈ ਜੁਗਤ ਦੇ ਸਮੁੱਚੇ ਤਾਲਮੇਲ ਲਈ ਜ਼ਿੰਮੇਵਾਰ ਹੈ।

ਮਨੁੱਖੀ ਵਪਾਰ ਦਾ ਮੁਕਾਬਲਾ ਕਰਨ ਲਈ ਬਹੁ-ਸਾਧਨੀ ਹੁੰਗਾਰੇ ਦੀ ਲੋੜ ਹੈ, ਜਿਸ ਵਿਚ ਸਰਕਾਰ ਦੇ ਸਾਰੇ ਪੱਧਰ ਸ਼ਾਮਲ ਹੋਣ। ਓ ਸੀ ਟੀ ਆਈ ਪੀ ਫੈਡਰਲ ਅਤੇ ਸੂਬਾਈ ਸਰਕਾਰ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਅਕਾਦਮਿਕ ਸੰਸਥਾਵਾਂ ਅਤੇ ਕਮਿਉਨਟੀ ਏਜੰਸੀਆਂ ਨਾਲ ਰਲ ਕੇ ਕੰਮ ਕਰਦਾ ਹੈ।

ਓ ਸੀ ਟੀ ਆਈ ਪੀ ਨੂੰ ਆਦੇਸ਼ ਇਹ ਕਰਨਾ ਹੈ:

- ਮਨੁੱਖੀ ਵਪਾਰ ਦੀ ਰੋਕਥਾਮ ਕਰਨ ਲਈ - ਰੋਕਥਾਮ ਤੋਂ ਲੈ ਕੇ ਸਰਵਿਸ ਪ੍ਰਦਾਨ ਕਰਕੇ ਕਮਿਉਨਟੀਆਂ ਦੀ ਸਥਾਨਕ ਸਮਰੱਥਾ ਉਸਾਰਨਾ ਹੈ
- ਜਾਣਕਾਰੀ ਵਧਾਉਣਾ ਅਤੇ ਟਰੇਨਿੰਗ ਅਤੇ ਸਿੱਖਿਆ ਦੇਣਾ ਹੈ
- ਸੇਵਾਵਾਂ, ਨੀਤੀਆਂ ਅਤੇ ਕਾਨੂੰਨ ਵਿਚ ਅੰਤਰਾਂ ਅਤੇ ਰੁਕਾਵਟਾਂ ਦੀ ਪਛਾਣ ਕਰਨਾ ਹੈ ਜਿਹੜੇ ਵਪਾਰ ਦਾ ਸ਼ਿਕਾਰ ਹੋਏ ਲੋਕਾਂ ਦੇ ਅੰਤਰਰਾਸ਼ਟਰੀ ਤੌਰ 'ਤੇ ਹਿਫਾਜ਼ਤ ਵਾਲੇ ਮਨੁੱਖੀ ਹੱਕਾਂ ਵਿਚ ਰੁਕਾਵਟ ਪਾਉਂਦੇ ਹਨ



- ਮਨੁੱਖੀ ਵਪਾਰ ਦਾ ਮੁਕਾਬਲਾ ਕਰਨਾ ਲਈ ਕੇਂਦਰੀ ਅਤੇ ਅੰਤਰਰਾਸ਼ਟਰੀ ਯਤਨਾਂ ਵਿਚ ਯੋਗਦਾਨ ਪਾਉਣਾ ਹੈ

ਬ੍ਰਿਟਿਸ਼ ਕੋਲੰਬੀਆ *ਕੋਲ ਬੀ ਸੀ ਐਕਸ਼ਨ ਪਲੈਨ ਟੂ ਕਮਬੈਟ ਹਿਊਮਨ ਟ੍ਰੈਫਿਕਿੰਗ* (ਮਨੁੱਖੀ ਵਪਾਰ ਦਾ ਮੁਕਾਬਲਾ ਕਰਨ ਲਈ ਬੀ ਸੀ ਦੀ ਕਾਰਜ ਯੋਜਨਾ) ਹੈ ਜੋ ਕਿ ਸਾਲ 2013-2016 ਲਈ ਸੂਬੇ ਭਰ ਵਿਚ ਮਨੁੱਖੀ ਵਪਾਰ ਦੇ ਮਸਲਿਆਂ ਦਾ ਜਵਾਬ ਦੇਣ ਲਈ ਤਿੰਨ ਮੁੱਖ ਤਰਜੀਹਾਂ ਅਤੇ ਤਰਜੀਹੀ ਕਾਰਵਾਈ ਕਰਨ ਵਾਲੇ ਪੰਜ ਖੇਤਰ ਸਥਾਪਤ ਕਰਦੀ ਹੈ। http://www.pssg.gov.bc.ca/octip/docs/action-plan.pdf ’ਤੇ ਪਲੈਨ ਦੇਖੋ।

## ਕਾਨੂੰਨ ਲਾਗੂ ਕਰਨਾ

ਕੈਨੇਡਾ ਦੀ ਨੈਸ਼ਨਲ ਪੁਲੀਸ ਫੋਰਸ, ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰ ਸੀ ਐੱਮ ਪੀ) ਨੇ ਮਨੁੱਖੀ ਵਪਾਰ ਬਾਰੇ ਇਕ ਨੈਸ਼ਨਲ ਕੋਆਰਡੀਨੇਸ਼ਨ ਸੈਂਟਰ ਬਣਾਇਆ ਹੈ। ਆਰ ਸੀ ਐੱਮ ਪੀ, ਮਿਊਨਿਸਪਲ ਫੋਰਸਾਂ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ, ਗੈਰ-ਸਰਕਾਰੀ ਕਮਿਊਨਟੀ ਸੰਸਥਾਵਾਂ, ਅਤੇ ਬੀ ਸੀ ਵਿਚਲੇ ਇਮੀਗਰੇਸ਼ਨ ਦੇ ਵਕੀਲ, ਮਨੁੱਖੀ ਵਪਾਰ ਨੂੰ ਰੋਕਣ ਲਈ ਜੁਗਤਾਂ ਤਿਆਰ ਕਰਨ ਲਈ ਰਲ ਕੇ ਕੰਮ ਕਰਨਾ ਜਾਰੀ ਰੱਖ ਰਹੇ ਹਨ।

- **ਰੋਕਥਾਮ** – ਸੰਭਵ ਪੀੜਿਤਾਂ ਅਤੇ ਮਨੁੱਖੀ ਵਪਾਰੀਆ ਦੀ ਪਛਾਣ ਕਰਨ ਵਿਚ ਮਦਦ ਲਈ ਪਬਲਿਕ ਚੇਤਨਤਾ ਵਧਾਉ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਸਿੱਖਿਆ ਵਿਚ ਸੁਧਾਰ ਕਰੋ, ਮੁਜਰਮਾਨਾ ਸੰਸਥਾਵਾਂ ਦੀ ਸਰਗਰਮੀ ਨਾਲ ਪੜਤਾਲ ਕਰੋ ਅਤੇ ਅੰਤਰਰਾਸ਼ਟਰੀ ਐਗਰੀਮੈਂਟ ਕਰੋ
- **ਹਿਫਾਜ਼ਤ** – ਪੜਤਾਲ, ਖਤਰੇ ਦੇ ਅਨੁਮਾਨ ਅਤੇ ਕਮਿਊਨਟੀ ਦੀਆਂ ਢੁਕਵੀਆਂ ਸੇਵਾਵਾਂ ਕੋਲ ਭੇਜ ਕੇ ਵਪਾਰ ਦਾ ਸ਼ਿਕਾਰ ਹੋਏ ਵਿਅਕਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉ
- **ਪੈਰਵੀ ਮੁਕੱਦਮਾ** – ਸਬੂਤ ਇਕੱਠੇ ਕਰੋ ਤਾਂ ਜੋ ਮਨੁੱਖੀ ਵਪਾਰੀਆਂ ’ਤੇ ਮੁਕੱਦਮਾ ਚਲਾਇਆ ਜਾ ਸਕੇ
- **ਹਿੱਸੇਦਾਰੀ** – ਦੇਸ਼ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਹੋਰਨਾਂ ਨਾਲ ਰਲ ਕੇ ਕੰਮ ਕਰੋ

ਕਾਨੂੰਨ ਲਾਗੂ ਕਰਨ ਵਿਚ ਬਹੁਤ ਸਾਰੀਆਂ ਚੁਣੌਤੀਆਂ ਹਨ, ਉਦਾਹਰਣ ਲਈ:

- ਮਨੁੱਖੀ ਵਪਾਰ ਦੀ ਅੰਤਰਰਾਸ਼ਟਰੀ ਫਿਤਰਤ – ਦੇਸ਼ਾਂ ਦੇ ਵੱਖੋ ਵੱਖਰੇ ਕਾਨੂੰਨ ਹਨ ਅਤੇ ਸ੍ਰੋਤ ਦੇਸ਼ਾਂ ਦੇ ਅਧਿਕਾਰੀ ਜੁਰਮ ਵਿਚ ਸ਼ਾਮਲ ਹੋ ਸਕਦੇ ਹਨ
- ਮਨੁੱਖੀ ਵਪਾਰ ਦੀ ਗੁਪਤ ਫਿਤਰਤ ਅਤੇ ਜਥੇਬੰਦਕ ਜੁਰਮ ਨਾਲ ਇਸ ਦਾ ਸੰਬੰਧ
- ਵਪਾਰ ਦਾ ਸ਼ਿਕਾਰ ਬਣਾਏ ਜਾਣ ਵਾਲੇ ਲੋਕਾਂ ਨੂੰ ਅਕਸਰ ਵੱਖ ਵੱਖ ਥਾਂਵਾਂ ’ਤੇ ਲਿਜਾਇਆ ਜਾਂਦਾ ਹੈ
- ਵਪਾਰ ਦਾ ਸ਼ਿਕਾਰ ਹੋਏ ਲੋਕ ਪੁਲੀਸ ਅਤੇ ਇਮੀਗਰੇਸ਼ਨ ਅਧਿਕਾਰੀਆਂ ਤੋਂ ਡਰਦੇ ਹਨ ਅਤੇ ਉਹ ਵਪਾਰੀਆਂ ਦੇ ਖਿਲਾਫ ਗਵਾਹੀ ਦੇਣ ਤੋਂ ਡਰੇ ਹੋਏ ਹੁੰਦੇ ਹਨ
- ਮਨੁੱਖੀ ਵਪਾਰ ਦਾ ਸ਼ਿਕਾਰ ਹੋਏ ਲੋਕ ਹੋ ਸਕਦਾ ਆਪਣੇ ਆਪ ਨੂੰ ਜੁਰਮ ਤੋਂ ਪੀੜਿਤ ਨਾ ਸਮਝਦੇ ਹੋਣ

## ਕਮਿਊਨਟੀ ਵਿਚਲੀਆਂ ਏਜੰਸੀਆਂ ਅਤੇ ਧਰਮ ਆਧਾਰਿਤ ਸੰਸਥਾਵਾਂ

ਕਮਿਊਨਟੀ ਆਧਾਰਿਤ ਏਜੰਸੀਆਂ, ਪਤਾ ਲੱਗਣ ਵਾਲੇ ਵਪਾਰ ਤੋਂ ਪੀੜਿਤਾਂ ਲਈ ਆਪਣੀਆਂ ਮਦਦ ਦੀਆਂ ਸੇਵਾਵਾਂ ਵਧਾਉਣ ਲਈ ਆਪਣੇ ਗਿਆਨ ਵਿਚ ਵਾਧਾ ਕਰ ਰਹੀਆਂ ਹਨ। ਧਰਮ ਆਧਾਰਿਤ ਸੰਸਥਾਵਾਂ ਵੀ ਆਪਣੇ ਇਕੱਠਾਂ ਅਤੇ ਭਾਈਚਾਰੇ ਵਿਚ ਮਸਲਿਆਂ ਬਾਰੇ ਚੇਤਨਤਾ ਪੈਦਾ ਕਰਕੇ ਮਨੁੱਖੀ ਵਪਾਰ ਨੂੰ ਖਤਮ ਕਰਨ ਲਈ ਕੋਸ਼ਿਸ਼ਾਂ ਕਰ ਰਹੀਆਂ ਹਨ।

## ਮਦਦ ਕਰਨ ਵਾਲੀਆਂ ਸੇਵਾਵਾਂ

ਟ੍ਰੈਫਿਕਿੰਗ ਇਨ ਪਰਸਨਜ਼ ਪ੍ਰੋਟੋਕੋਲ, ਮਨੁੱਖੀ ਵਪਾਰ ਦਾ ਸ਼ਿਕਾਰ ਹੋਏ ਲੋਕਾਂ ਦੇ ਮਨੁੱਖੀ ਹੱਕਾਂ ਲਈ ਆਦਰ ’ਤੇ ਜ਼ੋਰ ਦਿੰਦਾ ਹੈ ਅਤੇ ਸ਼ਿਕਾਰ ਹੋਏ ਲੋਕਾਂ ਦੀਆਂ ਮੁਢਲੀਆਂ ਲੋੜਾਂ ਪ੍ਰਦਾਨ ਕਰਨ ਲਈ ਦੇਸ਼ਾਂ ਨੂੰ ਗੈਰ-ਸਰਕਾਰੀ ਸੰਸਥਾਵਾਂ ਨਾਲ ਸਹਿਯੋਗ ਕਰਨ ਦੀ ਬੇਨਤੀ ਕਰਦਾ ਹੈ।

ਸੇਵਾਵਾਂ ਦੀ ਇਕ ਵਿਆਪਕ ਲਿਸਟ ਓ ਸੀ ਟੀ ਆਈ ਪੀ ਦੀ ਟਰੇਨਿੰਗ ਸਾਈਟ http://www.pssg.gov.bc.ca/octiptraining/index.html. ਰਾਹੀਂ ਦੇਖੀ ਜਾ ਸਕਦੀ ਹੈ।

ਮਨੁੱਖੀ ਵਪਾਰ ਦਾ ਸ਼ਿਕਾਰ ਹੋਏ ਕਿਸੇ ਵਿਅਕਤੀ ਨੂੰ ਜਿਹੜੀਆਂ ਮੁੱਖ ਸੇਵਾਵਾਂ ਦੀ ਲੋੜ ਹੋ ਸਕਦੀ ਹੈ, ਉਨ੍ਹਾਂ ਵਿਚ ਸ਼ਾਮਲ ਹਨ:

- ਰਿਹਾਇਸ਼,
- ਮੈਡੀਕਲ ਅਤੇ ਮਨੋਵਿਗਿਆਨਕ ਸੰਭਾਲ,
- ਉਸ ਜ਼ਬਾਨ ਵਿਚ ਕੌਂਸਲਿੰਗ ਅਤੇ ਜਾਣਕਾਰੀ ਜਿਹੜੀ ਮਨੁੱਖੀ ਵਪਾਰ ਦਾ ਸ਼ਿਕਾਰ ਹੋਇਆ ਵਿਅਕਤੀ ਸਮਝਦਾ ਹੋਵੇ,
- ਚੀਜ਼ਾਂ ਦੀ ਮਦਦ ਜਿਵੇਂ ਕਿ ਕੱਪੜੇ ਅਤੇ ਖਾਣਾ,
- ਕੰਮ ਅਤੇ ਪੜ੍ਹਾਈ ਦੇ ਮੌਕੇ,
- ਕਾਨੂੰਨੀ ਸਹਾਇਤਾ, ਅਤੇ
- ਪੁਲੀਸ ਅਤੇ ਸਰਕਾਰੀ ਏਜੰਸੀਆਂ ਨਾਲ ਸੰਪਰਕ ਕਰਨ ਵਿਚ ਮਦਦ।

## ਟੈਂਪਰੇਰੀ ਰੈਜ਼ੀਡੈਂਟ ਪਰਮਿਟ (ਟੀ ਆਰ ਪੀ)

ਟ੍ਰੈਫਿਕਿੰਗ ਇਨ ਪਰਸਨਜ਼ ਪ੍ਰੋਟੋਕੋਲ, ਦੇਸ਼ਾਂ ਤੋਂ ਇਹ ਵਿਚਾਰ ਕਰਨ ਦੀ ਮੰਗ ਵੀ ਕਰਦਾ ਹੈ ਕਿ ਉਹ ਮਨੁੱਖੀ ਵਪਾਰ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਆਰਜ਼ੀ ਤੌਰ 'ਤੇ ਜਾਂ ਪੱਕੇ ਤੌਰ 'ਤੇ ਲੈਣ ਵਾਲੇ ਦੇਸ਼ ਵਿਚ ਰਹਿਣ ਦੇਣ। ਟੈਂਪਰੇਰੀ ਰੈਜ਼ੀਡੈਂਟ ਪਰਮਿਟ (ਟੀ ਆਰ ਪੀ) ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ (ਸੀ ਆਈ ਸੀ) ਰਾਹੀਂ ਮਿਲਦਾ ਹੈ। ਕਾਰਵਾਈ ਇਮੀਗਰੇਸ਼ਨ ਅਫਸਰ ਨਾਲ ਇੰਟਰਵਿਊ ਨਾਲ ਸ਼ੁਰੂ ਹੁੰਦੀ ਹੈ। ਇਸ ਪੋਆਇੰਟ 'ਤੇ ਮਨੁੱਖੀ ਵਪਾਰ ਦਾ ਸ਼ਿਕਾਰ ਬਣੇ ਵਿਅਕਤੀ ਨੂੰ ਇਹ ਸਾਬਤ ਕਰਨ ਦੀ ਲੋੜ ਨਹੀਂ ਹੈ ਕਿ ਉਸ ਦਾ ਵਪਾਰ ਹੋਇਆ ਹੈ, ਸਿਰਫ ਇਹ ਦੱਸਣ ਦੀ ਹੀ ਲੋੜ ਹੈ ਕਿ ਇਸ ਦੀ ਸੰਭਾਵਨਾ ਹੈ। ਵਪਾਰ ਦਾ ਸ਼ਿਕਾਰ ਬਣੇ ਵਿਅਕਤੀ ਤੋਂ ਕਿਸੇ ਮੁਜਰਮਾਨਾ ਪੜਤਾਲ ਵਿਚ ਮਦਦ ਕਰਨ ਜਾਂ ਉਸ ਦੇ ਵਪਾਰੀ ਖਿਲਾਫ ਗਵਾਹੀ ਦੇਣ ਦੀ ਮੰਗ ਨਹੀਂ ਕੀਤੀ ਜਾਂਦੀ।

ਜੇ ਇਮੀਗਰੇਸ਼ਨ ਅਫਸਰ ਇਹ ਯਕੀਨ ਕਰਦਾ ਹੈ ਕਿ ਉਸ ਵਿਅਕਤੀ ਦਾ ਵਪਾਰ ਹੋਇਆ ਹੋ ਸਕਦਾ ਹੈ ਤਾਂ ਉਹ ਟੀ ਆਰ ਪੀ ਜਾਰੀ ਕਰ ਸਕਦੇ ਹਨ। ਇਹ ਉਸ ਵਿਅਕਤੀ ਨੂੰ ਕੈਨੇਡਾ ਵਿਚ 180 ਦਿਨਾਂ ਤੱਕ ਕਾਨੂੰਨੀ ਦਰਜਾ ਦਿੰਦਾ ਹੈ। ਵਪਾਰ ਦਾ ਸ਼ਿਕਾਰ ਹੋਏ ਵਿਅਕਤੀ ਦੀ ਹਾਲਤ ਮੁਤਾਬਕ, ਇਹ ਪਰਮਿਟ 180 ਦਿਨਾਂ ਦੇ ਅੰਤ 'ਤੇ ਸੀ ਆਈ ਸੀ ਅਫਸਰ ਵਲੋਂ ਦੁਬਾਰਾ ਜਾਰੀ ਕੀਤਾ ਜਾ ਸਕਦਾ ਹੈ। ਵਪਾਰ ਦਾ ਸ਼ਿਕਾਰ ਹੋਏ ਵਿਅਕਤੀ ਦੀ ਇਲਾਜ ਅਤੇ ਕੌਂਸਲਿੰਗ ਤੱਕ ਪਹੁੰਚ ਹੋਵੇਗੀ ਅਤੇ ਉਹ ਵਰਕ ਪਰਮਿਟ ਲਈ ਵੀ ਅਪਲਾਈ ਕਰ ਸਕਦਾ ਹੈ।

ਟੀ ਆਰ ਪੀ ਬਾਰੇ ਜ਼ਿਆਦਾ ਜਾਣਕਾਰੀ ਲਈ ਹਿਊਮਨ ਟ੍ਰੈਫਿਕਿੰਗ – ਕੈਨੇਡਾ ਇਜ਼ ਨੌਟ ਇਮਿਊਨ – ਮੌਡਿਊਲ 4 ਦੇਖੋ। ਵੈੱਬ ਐਡਰੈਸ ਇਸ ਕਿਤਾਬਚੇ ਦੇ ਵਸੀਲਿਆਂ ਵਾਲੇ ਭਾਗ ਵਿਚ ਦਿੱਤਾ ਗਿਆ ਹੈ।

ਸੇਵਾਵਾਂ ਦੇਣ ਲਈ ਮਨੁੱਖੀ ਹੱਕਾਂ ਦੀ ਪਹੁੰਚ ਲਾਗੂ ਕਰਨ ਵੇਲੇ ਅੱਗੇ ਲਿਖੇ ਅਸੂਲ ਮਨ ਵਿਚ ਰੱਖੋ:

- ਪ੍ਰਾਈਵੇਸੀ (ਭੇਤਦਾਰੀ) ਯਕੀਨੀ ਬਣਾਉ ਤਾਂ ਜੋ ਤੁਸੀਂ ਵਪਾਰ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਖਤਰੇ ਵਿਚ ਨਹੀਂ ਪਾ ਰਹੇ
- ਆਪਣੀਆਂ ਜ਼ਿੰਦਗੀਆਂ ਦਾ ਕੰਟਰੋਲ ਦੁਬਾਰਾ ਹਾਸਲ ਕਰਨ ਵਿਚ ਉਨ੍ਹਾਂ ਦੀ ਮਦਦ ਕਰੋ
- ਮਦਦ ਕਰਨ ਵਾਲੇ ਬਣੋ ਅਤੇ ਧੀਰਜ ਰੱਖੋ, ਸਦਾ ਵਪਾਰ ਦਾ ਸ਼ਿਕਾਰ ਹੋਏ ਵਿਅਕਤੀ ਨਾਲ ਆਦਰ ਅਤੇ ਮਾਣ ਵਾਲਾ ਵਰਤਾਉ ਕਰਦੇ ਹੋਏ
- ਇਹ ਪੱਕਾ ਕਰੋ ਕਿ ਸੇਵਾਵਾਂ ਲਈ ਸਭਿਆਚਾਰਕ ਤੌਰ 'ਤੇ ਢੁਕਵੀਂਆਂ ਸੇਵਾਵਾਂ ਕੋਲ ਭੇਜਿਆ ਜਾਵੇ
- ਵਪਾਰ ਦਾ ਸ਼ਿਕਾਰ ਹੋਏ ਵਿਅਕਤੀ ਦੀ ਪੁਲੀਸ ਨਾਲ ਰਲ ਕੇ ਕੰਮ ਕਰਨ ਵਿਚ ਮਦਦ ਕਰੋ ਜੇ ਉਹ ਅਜਿਹਾ ਕਰਨਾ ਚਾਹੁੰਦੇ ਹੋਣ

ਸੇਧ ਦੇਣ ਵਾਲੇ ਅਸੂਲਾਂ ਦੀ ਪੂਰੀ ਲਿਸਟ http://www.pssg.gov.bc.ca/octip/training.htm 'ਤੇ ਉਪਲਬਧ ਹੈ।

## ਵਪਾਰ ਦਾ ਸ਼ਿਕਾਰ ਹੋਏ ਸੰਭਵ ਵਿਅਕਤੀਆਂ ਦੀ ਪਛਾਣ ਕਰਨਾ

ਜੇ ਤੁਸੀਂ ਸਰਵਿਸ ਦੇਣ ਵਾਲੇ ਹੋ ਤਾਂ ਯਾਦ ਰੱਖੋ ਕਿ ਇਹ ਪੱਕਾ ਪਤਾ ਲਾਉਣਾ ਤੁਹਾਡਾ ਰੋਲ ਨਹੀਂ ਹੈ ਕਿ ਕੀ ਕਿਸੇ ਵਿਅਕਤੀ ਦਾ ਵਪਾਰ ਹੋਇਆ ਹੈ। ਤੁਹਾਡੀ ਜ਼ਿੰਮੇਵਾਰੀ ਮਦਦ, ਹਿਫਾਜ਼ਤ, ਮੁਕਤੀ, ਰਿਕਵਰੀ ਵਿਚ ਮਦਦ ਕਰਨਾ ਜਾਂ ਹੋਰ ਏਜੰਸੀਆਂ ਕੋਲ ਭੇਜਣਾ ਹੈ।

ਸੇਵਾਵਾਂ ਦੀ ਵਿਆਪਕ ਲਿਸਟ http://www.pssg.gov.bc.ca/octiptraining/index.html 'ਤੇ ਉਪਲਬਧ ਹੈ।

ਭਾਵੇਂ ਤੁਸੀਂ ਪਬਲਿਕ ਦੇ ਮੈਂਬਰ ਹੋਵੋ ਜਾਂ ਸਰਵਿਸ ਦੇਣ ਵਾਲੇ ਹੋਵੋ ਅੱਗੇ ਲਿਖੀਆਂ ਨਿਸ਼ਾਨੀਆਂ ਦੇਖੋ:

### ਬੁਰੇ ਵਰਤਾਉ ਅਤੇ ਕੰਟਰੋਲ ਦੀਆਂ ਨਿਸ਼ਾਨੀਆਂ

ਵਿਅਕਤੀ:

- ਇਹ ਯਕੀਨ ਕਰਦਾ ਹੈ ਕਿ ਉਸ ਨੂੰ ਆਪਣੀ ਮਰਜ਼ੀ ਦੇ ਖਿਲਾਫ ਕੰਮ ਕਰਨਾ ਪੈਣਾ ਹੈ
- ਆਪਣੀ ਮੌਜੂਦਾ ਹਾਲਤ ਛੱਡ ਕੇ ਜਾਣ ਦੇ ਅਯੋਗ ਹੈ
- ਇਹ ਨਿਸ਼ਾਨੀਆਂ ਦਿਖਾਉਂਦਾ ਹੈ ਕਿ ਉਸ ਦੀ ਹਿਲਜੁਲ ਕੰਟਰੋਲ ਕੀਤੀ ਜਾ ਰਹੀ ਹੈ
- ਆਪਣੇ ਪ੍ਰਤੀ ਜਾਂ ਆਪਣੇ ਪਿਆਰਿਆਂ ਪ੍ਰਤੀ ਹਿੰਸਾ ਜਾਂ ਹਿੰਸਾ ਦੀਆਂ ਧਮਕੀਆਂ ਦਾ ਸ਼ਿਕਾਰ ਹੈ
- ਅਜਿਹੀਆਂ ਸੱਟਾਂ ਦਾ ਸ਼ਿਕਾਰ ਹੈ ਜਿਹੜੀਆਂ ਕਿਸੇ ਹਮਲੇ ਦਾ ਨਤੀਜਾ ਦਿਖਾਈ ਦਿੰਦੀਆਂ ਹਨ
- ਅਜਿਹੀਆਂ ਸੱਟਾਂ ਜਾਂ ਨੁਕਸਾਨਾਂ ਦਾ ਸ਼ਿਕਾਰ ਹੈ ਜਿਹੜੀਆਂ ਕੁਝ ਖਾਸ ਕੰਮਾਂ ਜਾਂ ਕੰਟਰੋਲ ਦੀਆਂ ਕਾਰਵਾਈਆਂ ਲੱਗਦੀਆਂ ਹਨ ਜਿਵੇਂ ਕਿ ਸਿਗਰਟਾਂ ਨਾਲ ਲੂਹ ਹੋਣਾ ਜਾਂ ਨਿਸ਼ਾਨੀ ਲਾਉਣ ਲਈ ਟੈਟੂ ਪਾਏ ਹੋਣਾ
- ਅਧਿਕਾਰੀਆਂ 'ਤੇ ਸ਼ੱਕ ਕਰਦਾ ਹੈ
- ਆਪਣਾ ਇਮੀਗਰੇਸ਼ਨ ਦਾ ਦਰਜਾ ਦੱਸਣ ਤੋਂ ਡਰਦਾ ਹੈ
- ਆਪਣਾ ਪਾਸਪੋਰਟ ਜਾਂ ਟਰੈਵਲ ਕਰਨ ਦੇ ਹੋਰ ਪੇਪਰ ਜਾਂ ਪਛਾਣ ਪੱਤਰ ਨਹੀਂ ਹਨ
- ਗਲਤ ਪਛਾਣ ਜਾਂ ਟਰੈਵਲ ਕਰਨ ਲਈ ਪੇਪਰ ਹਨ
- ਉੱਥੇ ਲੱਭਿਆ ਹੈ ਜਿੱਥੇ ਲੋਕਾਂ ਨੂੰ ਸ਼ੋਸ਼ਣ ਕੀਤੇ ਜਾਣ ਲਈ ਵਰਤੇ ਜਾਣ ਦੀ ਸੰਭਾਵਨਾ ਹੈ, ਉਦਾਹਰਨ ਲਈ ਕਿਸੇ ਡਰੱਗ ਲੈਬ ਵਿਚ
- ਸਥਾਨਕ ਜ਼ਬਾਨ ਤੋਂ ਅਣਜਾਣ ਹੈ
- ਆਪਣੇ ਘਰ ਜਾਂ ਕੰਮ ਦਾ ਐਡਰੈਸ ਨਹੀਂ ਜਾਣਦਾ

- ਸਿੱਧੀ ਗੱਲਬਾਤ ਕਰਨ ਵੇਲੇ ਦੂਜਿਆਂ ਨੂੰ ਆਪਣੇ ਲਈ ਬੋਲਣ ਦਿੰਦਾ ਹੈ
- ਗੈਰ-ਤੰਦਰੁਸਤ ਜਾਂ ਅਣਸੁਰੱਖਿਅਤ ਹਾਲਤਾਂ ਵਿਚ ਕੰਮ ਕਰਨ ਲਈ ਮਜ਼ਬੂਰ ਕੀਤਾ ਗਿਆ ਹੈ
- ਸਜ਼ਾ ਰਾਹੀਂ ਡਿਸਿਪਲਨ ਕੀਤਾ ਗਿਆ ਹੈ
- ਬਹੁਤ ਥੋੜ੍ਹੀ ਜਾਂ ਕੋਈ ਤਨਖਾਹ ਨਹੀਂ ਮਿਲੀ
- ਲੰਮੇ ਸਮਿਆਂ ਦੌਰਾਨ ਬਹੁਤ ਜ਼ਿਆਦਾ ਘੰਟੇ ਕੰਮ ਕਰਦਾ ਹੈ
- ਡਾਕਟਰੀ ਇਲਾਜ ਤੱਕ ਕੋਈ ਪਹੁੰਚ ਨਹੀਂ ਹੈ
- ਆਪਣੇ ਪਰਿਵਾਰਾਂ ਨਾਲ ਸੀਮਤ ਸੰਪਰਕ ਹੈ ਜਾਂ ਆਪਣੇ ਫੌਰੀ ਮਾਹੌਲ ਤੋਂ ਬਾਹਰ ਦੇ ਲੋਕਾਂ ਨਾਲ ਸੀਮਤ ਸੰਪਰਕ ਹੈ
- ਯਕੀਨ ਕਰਦਾ ਹੈ ਕਿ ਉਹ ਕਰਜ਼ੇ ਕਰਕੇ ਗੁਲਾਮ ਹੈ
- ਨਿਰਭਰਤਾ ਦੀ ਹਾਲਤ ਵਿਚ ਹੈ
- ਉਸ ਥਾਂ ਤੋਂ ਆਇਆ ਹੈ ਜਿਹੜੀ ਮਨੁੱਖੀ ਵਪਾਰ ਦਾ ਸ੍ਰੋਤ ਦੇ ਤੌਰ 'ਤੇ ਜਾਣੀ ਜਾਂਦੀ ਹੈ

## ਕਿਸੇ ਬੱਚੇ ਦੇ ਵਪਾਰ ਦੀਆਂ ਨਿਸ਼ਾਨੀਆਂ

ਬੱਚਾ:

- ਮਾਪੇ ਤੋਂ ਬਿਨਾਂ ਹੈ ਜਾਂ ਮਾਪੇ ਜਾਂ ਗਾਰਡੀਅਨ ਕੋਲ ਨਹੀਂ ਜਾ ਸਕਦਾ
- ਡਰਾਇਆ ਲੱਗਦਾ ਹੈ ਅਤੇ ਆਪਣੀ ਉਮਰ ਵਰਗੇ ਆਮ ਬੱਚੇ ਵਾਂਗ ਵਰਤਾਉ ਕਰਦਾ ਨਹੀਂ ਲੱਗਦਾ
- ਕੰਮ ਤੋਂ ਬਾਹਰ ਜਾਂ ਖੇਡਣ ਦੇ ਸਮੇਂ ਆਪਣੀ ਉਮਰ ਦੇ ਦੋਸਤ ਨਹੀਂ ਹਨ
- ਕਿਸੇ ਅਜਿਹੇ ਵਿਅਕਤੀ ਨਾਲ ਰਹਿੰਦਾ ਹੈ ਜਿਹੜਾ ਰਿਸ਼ਤੇਦਾਰ ਨਹੀਂ ਹੈ ਅਤੇ ਨਾ ਹੀ ਗਾਰਡੀਅਨ ਹੈ
- ਸਕੂਲ ਨਹੀਂ ਜਾਂਦਾ
- "ਪਰਿਵਾਰ" ਦੇ ਹੋਰ ਮੈਂਬਰਾਂ ਤੋਂ ਪਾਸੇ ਇਕੱਲਾ ਖਾਂਦਾ ਹੈ ਜਾਂ ਰਹਿੰਦ-ਖੂੰਹਦ ਹੀ ਖਾਂਦਾ ਹੈ
- ਅਜਿਹਾ ਕੰਮ ਕਰਦਾ ਹੈ ਜਿਹੜਾ ਬੱਚਿਆਂ ਲਈ ਢੁਕਵਾਂ ਨਹੀਂ ਹੈ
- ਇਕੱਲਾ ਜਾਂਦਾ ਹੈ ਜਾਂ ਗਰੁੱਪਾਂ ਵਿਚ ਉਨ੍ਹਾਂ ਲੋਕਾਂ ਨਾਲ ਜਾਂਦਾ ਹੈ ਜਿਹੜੇ ਰਿਸ਼ਤੇਦਾਰ ਨਹੀਂ ਹਨ

ਅੱਗੇ ਲਿਖੀਆਂ ਗੱਲਾਂ ਵੀ ਇਹ ਇਸ਼ਾਰਾ ਕਰ ਸਕਦੀਆਂ ਹਨ ਕਿ ਬੱਚਿਆਂ ਦਾ ਸ਼ਾਇਦ ਵਪਾਰ ਹੋ ਰਿਹਾ ਹੈ:

- ਬੱਚੇ ਦੇ ਅਕਾਰ ਦੇ ਕੱਪੜਿਆਂ ਦੀ ਮੌਜੂਦਗੀ ਜੋ ਕਿ ਆਮ ਤੌਰ 'ਤੇ ਹੱਥੀਂ ਕੰਮ ਕਰਨ ਜਾਂ ਸੈਕਸ ਵਰਕ ਲਈ ਵਰਤੇ ਜਾਂਦੇ ਹਨ
- ਅਢੁਕਵੀਂਆਂ ਥਾਂਵਾਂ 'ਤੇ ਖਿਡੌਣੇ, ਬੈੱਡ ਅਤੇ ਬੱਚਿਆਂ ਦੇ ਕੱਪੜੇ ਜਿਵੇਂ ਕਿ ਚਕਲੇ (ਬਰੌਥਲਜ਼) ਅਤੇ ਫੈਕਟਰੀਆਂ
- ਬਾਲਗ ਇਹ ਕਲੇਮ ਕਰਦਾ ਹੈ ਕਿ ਉਸ ਨੇ ਇਕੱਲਾ ਬੱਚਾ "ਲੱਭਿਆ" ਹੈ

## ਘਰੇਲੂ ਗੁਲਾਮੀ ਵਿਚ ਰਹਿ ਰਹੇ ਵਿਅਕਤੀ ਦੀਆਂ ਨਿਸ਼ਾਨੀਆਂ

ਵਿਅਕਤੀ:

- ਪਰਿਵਾਰ ਨਾਲ ਰਹਿੰਦਾ ਹੈ ਅਤੇ ਕੋਈ ਪ੍ਰਾਈਵੇਟ ਥਾਂ ਨਹੀਂ ਹੈ
- ਸਾਂਝੀ ਜਾਂ ਅਢੁਕਵੀਂ ਥਾਂ ਵਿਚ ਸੌਂਦਾ ਹੈ
- ਬਾਕੀ ਪਰਿਵਾਰ ਨਾਲ ਨਹੀਂ ਖਾਂਦਾ ਜਾਂ ਸਿਰਫ ਰਹਿੰਦ-ਖੂੰਹਦ ਹੀ ਮਿਲਦੀ ਹੈ
- ਘਰ ਛੱਡ ਕੇ ਜਾਣ ਦੇ ਬਿਲਕੁਲ ਅਯੋਗ ਹੈ, ਜਾਂ ਘਰ ਦੇ ਕਿਸੇ ਮੈਂਬਰ ਦੇ ਨਾਲ ਹੀ ਜਾ ਸਕਦਾ ਹੈ
- ਦਿਨ ਦੇ 24 ਘੰਟੇ ਕੰਮ ਲਈ ਮੌਜੂਦ ਹੋਣ ਦੀ ਆਸ ਰੱਖੀ ਜਾਂਦੀ ਹੈ, ਅਤੇ ਬਹੁਤ ਘੱਟ ਛੁੱਟੀ ਜਾਂ ਕਿਸੇ ਦਿਨ ਦੀ ਛੁੱਟੀ ਨਹੀਂ ਮਿਲਦੀ
- ਕੰਮ-ਮਾਲਕ ਜਾਂ ਘਰ ਦੇ ਮੈਂਬਰਾਂ ਨੇ ਸਰੀਰਕ ਜਾਂ ਕਾਮੁਕ ਹਮਲਾ ਕੀਤਾ ਹੈ ਜਾਂ ਬੁਰਾ ਵਰਤਾਉ ਕੀਤਾ ਹੈ ਜਾਂ ਧਮਕੀਆਂ ਦਿੱਤੀਆਂ ਹਨ

## ਕਾਮੁਕ ਸ਼ੋਸ਼ਣ ਦੇ ਸ਼ਿਕਾਰ ਦੀਆਂ ਨਿਸ਼ਾਨੀਆਂ

ਔਰਤ (ਵਿਅਕਤੀ):

- ਇਕ ਚਕਲੇ ਤੋਂ ਦੂਜੇ ਚਕਲੇ ਵਿਚ ਮੂਵ ਕੀਤੀ ਜਾਂਦੀ ਹੈ ਜਾਂ ਵੱਖ ਵੱਖ ਥਾਂਵਾਂ 'ਤੇ ਕੰਮ ਕਰਦੀ ਹੈ
- ਜਿੱਥੇ ਵੀ ਜਾਂਦੀ ਹੈ ਉਸ ਦੀ ਨਿਗਰਾਨੀ ਕੀਤੀ ਜਾਂਦੀ ਹੈ
- ਉਸ ਦੇ ਟੈਟੂ ਜਾਂ ਹੋਰ ਨਿਸ਼ਾਨ ਹੋ ਸਕਦੇ ਹਨ ਜਿਹੜੇ ਸ਼ੋਸ਼ਣ ਕਰਨ ਵਾਲਿਆਂ ਦੀ "ਮਾਲਕੀ" ਵੱਲ ਇਸ਼ਾਰਾ ਕਰ ਸਕਦੇ ਹਨ
- ਲੰਮੇ ਘੰਟੇ ਕੰਮ ਕਰਦੀ ਹੈ ਅਤੇ ਛੁੱਟੀ ਬਹੁਤ ਘੱਟ ਹੁੰਦੀ ਹੈ
- ਕੰਮ 'ਤੇ ਹੀ ਸੌਂਦੀ ਹੈ
- ਇਕ ਗਰੁੱਪ ਵਿਚ ਰਹਿੰਦੀ ਜਾਂ ਸਫਰ ਕਰਦੀ ਹੈ, ਕਦੇ ਕਦੇ ਉਨ੍ਹਾਂ ਹੋਰ ਔਰਤਾਂ ਨਾਲ ਜਿਹੜੀਆਂ ਇੱਕੋ ਜ਼ਬਾਨ ਨਹੀਂ ਬੋਲਦੀਆਂ
- ਅਜਿਹੇ ਕੱਪੜੇ ਪਾਉਂਦੀ ਹੈ ਜਿਹੜੇ ਆਮ ਤੌਰ 'ਤੇ ਸੈਕਸ ਵਰਕ ਲਈ ਪਾਏ ਜਾਂਦੇ ਹਨ
- ਲੋਕਲ ਜ਼ਬਾਨ ਵਿਚ ਜਾਂ ਗਾਹਕਾਂ ਦੇ ਗਰੁੱਪ ਦੀ ਜ਼ਬਾਨ ਵਿਚ ਸਿਰਫ ਸੈਕਸ ਨਾਲ ਸੰਬੰਧਿਤ ਸ਼ਬਦ ਬੋਲਣਾ ਹੀ ਜਾਣਦੀ ਹੈ
- ਆਪਣੇ ਕੋਲ ਕੋਈ ਨਗਦੀ ਨਹੀਂ ਹੈ ਅਤੇ ਪਛਾਣ ਦੇ ਕੋਈ ਪੇਪਰ ਨਹੀਂ ਦਿਖਾ ਸਕਦੀ
- ਨਸ਼ਿਆਂ ਜਾਂ ਸ਼ਰਾਬ ਦੀ ਆਦਤ ਜਾਂ ਅਪੂਰਨ ਖੁਰਾਕ ਦੀਆਂ ਨਿਸ਼ਾਨੀਆਂ ਦਿਖਾਉਂਦੀ ਹੈ
- ਦਾਗ ਜਾਂ ਸੱਟਾਂ ਹਨ, ਜਾਂ ਬੁਰੇ ਵਰਤਾਉ ਜਾਂ ਅੱਤਿਆਚਾਰ ਦੀਆਂ ਹੋਰ ਨਿਸ਼ਾਨੀਆਂ ਹਨ

## ਇਹ ਨਿਸ਼ਾਨੀਆਂ ਕਿ ਕਿਸੇ ਵਿਅਕਤੀ ਦਾ ਮਜ਼ਦੂਰੀ ਲਈ ਸ਼ੋਸ਼ਣ ਕੀਤਾ ਜਾ ਰਿਹਾ ਹੈ

ਵਿਅਕਤੀ:

- ਜਿਸ ਥਾਂ 'ਤੇ ਕੰਮ ਕਰਦਾ ਹੈ ਉੱਥੇ ਗਰੁੱਪਾਂ ਵਿਚ ਰਹਿੰਦਾ ਹੈ ਅਤੇ ਕਦੇ ਕਦੇ ਹੀ ਉਹ ਥਾਂ ਛੱਡ ਕੇ ਜਾਂਦਾ ਹੈ, ਜੇ ਕਦੇ ਜਾਂਦਾ ਹੈ (ਅਤੇ ਸਿਰਫ ਆਪਣੇ ਕੰਮ-ਮਾਲਕ ਨਾਲ ਹੀ)
- ਘਟੀਆ, ਅਢੁਕਵੀਂਆਂ ਥਾਂਵਾਂ ਵਿਚ ਰਹਿੰਦਾ ਹੈ, ਜਿਵੇਂ ਕਿ ਕੋਈ ਪੁਰਾਣਾ ਢਾਰਾ (ਬਾਰਨ) ਜਾਂ ਸਟੋਰੇਜ ਸ਼ੈਡ
- ਗੈਰਸਿਹਤਮੰਦ ਜਾਂ ਅਣਸੁਰੱਖਿਅਤ ਹਾਲਤਾਂ ਵਿਚ ਅਤੇ ਬਹੁਤ ਜ਼ਿਆਦਾ ਘੰਟਿਆਂ ਲਈ ਕੰਮ ਕਰਦਾ ਹੈ
- ਕੰਮ ਮੁਤਾਬਕ ਸਹੀ ਕੱਪੜੇ ਜਾਂ ਹਿਫਾਜ਼ਤੀ ਸਾਜ਼-ਸਾਮਾਨ ਨਹੀਂ ਹੈ
- ਬਹੁਤ ਥੋੜ੍ਹੀ ਜਾਂ ਕੋਈ ਤਨਖਾਹ ਨਹੀਂ ਲੈਂਦਾ ਅਤੇ ਕੋਈ ਲੇਬਰ ਕੌਨਟਰੈਕਟ ਨਹੀਂ ਹੈ ਜਾਂ ਕੌਨਟਰੈਕਟ ਬਹੁਤ ਜ਼ਿਆਦਾ ਪਾਬੰਦੀਆਂ ਵਾਲਾ ਹੈ
- ਕੰਮ, ਆਵਾਜਾਈ ਅਤੇ ਰਿਹਾਇਸ਼ ਲਈ ਆਪਣੇ ਕੰਮ-ਮਾਲਕ 'ਤੇ ਨਿਰਭਰ ਕਰਦਾ ਹੈ
- ਸਕਿਉਰਟੀ ਚੈੱਕਅੱਪ ਹੁੰਦੀ ਹੈ ਜਿਸ ਨਾਲ ਕੰਮ ਵਾਲੀ ਥਾਂ ਤੋਂ ਜਾਣ ਤੋਂ ਰੋਕਥਾਮ ਹੁੰਦੀ ਹੈ
- ਜੁਰਮਾਨੇ ਨਾਲ ਅਨੁਸਾਸ਼ਨ ਵਿਚ ਕੀਤਾ ਜਾਂਦਾ ਹੈ
- ਬੇਇੱਜ਼ਤੀ, ਬੁਰੇ ਵਰਤਾਉ, ਧਮਕੀਆਂ ਜਾਂ ਹਿੰਸਾ ਦਾ ਸ਼ਿਕਾਰ ਹੁੰਦਾ ਹੈ

# ਤੁਸੀਂ ਕੀ ਕਰ ਸਕਦੇ ਹੋ

## ਆਪਣੇ ਆਪ ਨੂੰ ਅਤੇ ਹੋਰਨਾਂ ਨੂੰ ਸਿਖਿਅਤ ਕਰੋ

- ਇਹ ਕਿਤਾਬਚਾ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਨ ਲਈ ਦਿਉ
- ਇਸ ਕਿਤਾਬਚੇ ਵਿਚ ਦਿੱਤੇ ਗਏ ਵਸੀਲਿਆਂ ਅਤੇ ਜਾਣਕਾਰੀ ਦੀ ਵਰਤੋਂ ਕਰੋ
- ਔਫਿਸ ਟੂ ਕਮਬੈਟ ਟ੍ਰੈਫਿਕਿੰਗ ਇਨ ਪਰਸਨਜ਼ ਵਲੋਂ ਤਿਆਰ ਕੀਤਾ ਗਿਆ *ਹਿਊਮਨ ਟ੍ਰੈਫਿਕਿੰਗ*: ਕੈਨੇਡਾ ਇਜ਼ ਨੌਟ ਇਮਿਊਨ ਔਨਲਾਈਟ ਟਰੇਨਿੰਗ ਕੋਰਸ ਲਉ। ਇਹ ਟਰੇਨਿੰਗ ਕੋਰਸ ਮੁਫਤ ਅੰਗਰੇਜ਼ੀ ਅਤੇ ਫਰਾਂਸੀਸੀ ਵਿਚ ਉਪਲਬਧ ਹੈ। ਇਹ ਕੈਨੇਡਾ ਭਰ ਵਿਚ ਮੂਹਰਲੀਆਂ ਸਫਾਂ ਵਿਚ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਤਿਆਰ ਕੀਤਾ ਗਿਆ ਹੈ। ਤੁਸੀਂ ਟਰੇਨਿੰਗ ਕੋਰਸ ਤੱਕ ਪਹੁੰਚ http://www.pssg.gov.bc.ca/octiptraining/index.html vYWbsfelt 'ਤੇ ਕਰ ਸਕਦੇ ਹੋ।

## ਗਿਆਨ ਵਧਾਉ

- ਕਿਸੇ ਰਾਜਨੀਤਕ ਵਿਅਕਤੀ ਨਾਲ ਸੰਪਰਕ ਕਰੋ ਅਤੇ ਉਸ ਨੂੰ ਪੁੱਛੋ ਕਿ ਉਹ ਇਸ ਮਸਲੇ ਬਾਰੇ ਕੀ ਕਰ ਰਿਹਾ ਹੈ
- ਸਮਾਂ ਜਾਂ ਆਪਣੀ ਮੁਹਾਰਤ ਮਨੁੱਖੀ ਵਪਾਰ ਦਾ ਮੁਕਾਬਲਾ ਕਰ ਰਹੀ ਕਿਸੇ ਸੰਸਥਾ ਨੂੰ ਵਲੰਟੀਅਰ ਵਜੋਂ ਦਿਉ

## ਆਪਣੀ ਖਰੀਦ ਸ਼ਕਤੀ ਦੀ ਵਰਤੋਂ ਕਰੋ

- ਸੈਕਸ ਲਈ ਪੈਸੇ ਨਾ ਦਿਉ ਜਾਂ ਉਨ੍ਹਾਂ ਥਾਂਵਾਂ 'ਤੇ ਨਾ ਜਾਉ ਜਿੱਥੇ ਕਮਰਸ਼ੀਅਲ ਸੈਕਸ ਦਾ ਕੰਮ ਹੁੰਦਾ ਹੈ। ਆਪਣੇ ਦੋਸਤਾਂ ਨੂੰ ਹਿੱਸਾ ਲੈਣ ਤੋਂ ਨਿਰਉਤਸ਼ਾਹਤ ਕਰੋ
- ਉਹ ਚੀਜ਼ਾਂ ਨਾ ਖਰੀਦੋ ਜਿਨ੍ਹਾਂ ਨੂੰ ਬਣਾਉਣ ਵਾਲੇ ਜਬਰਨ ਮਜ਼ਦੂਰੀ ਵਰਤਣ ਲਈ ਬਦਨਾਮ ਹਨ। ਸਿਰਫ ਫੇਅਰ ਟਰੇਡ ਵਾਲੀਆਂ ਚੀਜ਼ਾਂ ਹੀ ਖਰੀਦੋ

## ਇਸ ਦੀ ਰਿਪੋਰਟ ਕਰੋ

- ਜੇ ਤੁਹਾਨੂੰ ਲੱਗੇ ਕਿ ਕਿਸੇ ਦਾ ਵਪਾਰ ਹੋ ਰਿਹਾ ਹੈ ਤਾਂ ਪੁਲੀਸ ਨਾਲ ਸੰਪਰਕ ਕਰੋ
- ਜੇ ਤੁਹਾਨੂੰ ਇਹ ਫਿਕਰ ਹੋਵੇ ਕਿ ਕੋਈ ਫੌਰੀ ਖਤਰੇ ਵਿਚ ਹੈ ਤਾਂ 911 ਨੂੰ ਫੋਨ ਕਰੋ

# ਜ਼ਿਆਦਾ ਜਾਣਕਾਰੀ ਲਈ

| | | |
|---|---|---|
| **ਕੈਨੇਡੀਅਨ ਕੌਂਸਲ ਫਾਰ ਰਫਿਊਜੀਜ਼** | ਔਰਤਾਂ ਅਤੇ ਕੁੜੀਆਂ ਦੇ ਵਪਾਰ ਬਾਰੇ ਜਾਣਕਾਰੀ ਅਤੇ ਮਨੁੱਖੀ ਹੱਕਾਂ ਦੀ ਜ਼ਿਆਦਾ ਹਿਫਾਜ਼ਤ ਲਈ ਫੈਡਰਲ ਵਕਾਲਤ | www.ccrweb.ca/eng/engfront/frontpage.htm |
| **ਬੀ ਸੀ'ਜ਼ ਆਫਿਸ ਟੂ ਕਮਬੈਟ ਟ੍ਰੈਫਿਕਿੰਗ ਇਨ ਪਰਸਨਜ਼ (ਓ ਸੀ ਟੀ ਆਈ ਪੀ)** | ਓ ਸੀ ਟੀ ਆਈ ਪੀ ਨੂੰ ਆਦੇਸ਼ ਮਨੁੱਖੀ ਵਪਾਰ ਬਾਰੇ ਬੀ ਸੀ ਦਾ ਜਵਾਬ ਤਿਆਰ ਕਰਨਾ ਅਤੇ ਇਸ ਦਾ ਤਾਲਮੇਲ ਕਰਨਾ ਹੈ<br><br>ਔਨਲਾਈਨ ਟਰੇਨਿੰਗ ਅੰਗਰੇਜ਼ੀ ਅਤੇ ਫਰਾਂਸੀਸੀ ਵਿਚ ਉਪਲਬਧ ਹੈ | http://www.pssg.gov.bc.ca/octip/about.htm<br><br>http://www.pssg.gov.bc.ca/octiptraining/index.html |
| **ਯੂਨਾਈਟਡ ਨੇਸ਼ਨਜ਼ (ਯੂ ਐੱਨ) ਵਸੀਲੇ** | ਯੂਨਾਈਟਡ ਨੇਸ਼ਨਜ਼ ਦਾ ਆਫਿਸ ਔਫ ਡਰੱਗਜ਼ ਐਂਡ ਕਰਾਇਮ ਰਿਪੋਰਟ ਔਨ ਹਿਊਮਨ ਟ੍ਰੈਫਿਕਿੰਗ ਗੁਲਾਮੀ ਦੇ ਮੌਜੂਦਾ ਰੂਪ ਨੂੰ ਪ੍ਰਗਟ ਕਰਦੀ ਹੈ | www.unodc.org/documents/Global_Reprot_on_TIP.pdf |
| **ਆਰ ਸੀ ਐੱਮ ਪੀ** | ਹਿਊਮਨ ਟ੍ਰੈਫਿਕਿੰਗ ਨੈਸ਼ਨਲ ਕੋਆਰਡੀਨੇਸ਼ਨ ਸੈਂਟਰ<br><br>*ਆਈ ਐੱਮ ਨੌਟ ਫਾਰ ਸੇਲ* ਟੂਲਕਿਟਸ ਅਤੇ ਯੂਥ ਕੈਮਪੇਨ ਵਸੀਲੇ | www.rcmp-grc.gc.ca/ht-tp/index-eng.htm<br><br>www.rcmp-grc.gc.ca/ht-tp/publications/index-eng.htm |

ਨੈਸ਼ਨਲ ਅਤੇ ਸੂਬਾਈ ਵਸੀਲਿਆਂ ਦੀ ਇਕ ਵਿਆਪਕ ਲਿਸਟ ਔਨਲਾਈਨ ਟਰੇਨਿੰਗ *ਹਿਊਮਨ ਟ੍ਰੈਫਿਕਿੰਗ: ਕੈਨੇਡਾ ਇਜ਼ ਨੌਟ ਇਮਿਊਨ* ਰਾਹੀਂ ਉਪਲਬਧ ਹੈ। ਤੁਸੀਂ ਇਹ http://www.pssg.gov.bc.ca/octiptraining/index.html. 'ਤੇ ਦੇਖ ਸਕਦੇ ਹੋ।

# ਨੋਟ

PEOPLE'S LAW SCHOOL

# ਕਿਤਾਬਚੇ ਦੀ ਇਵੈਲੂਏਸ਼ਨ ਲਈ ਫਾਰਮ

ਤੁਹਾਡੇ ਵਿਚਾਰ ਸਾਡੇ ਲਈ ਮਹੱਤਵਪੂਰਨ ਹਨ। ਕਿਰਪਾ ਕਰਕੇ ਇਹ ਦੱਸਣ ਲਈ ਆਪਣੇ ਕੁਝ ਪਲ ਕੱਢੋ ਕਿ ਤੁਸੀਂ ਇਸ ਲਿਖਤ ਬਾਰੇ ਕੀ ਸੋਚਦੇ ਹੋ।

1. ਤੁਸੀਂ ਕਿਹੜੀ ਲਿਖਤ ਪੜ੍ਹੀ ਹੈ?

.......................................................................................................................................

2. ਕਿਤਾਬਚੇ ਨੂੰ ਪੜ੍ਹਣ ਤੋਂ ਬਾਅਦ ਵਿਸ਼ੇ ਬਾਰੇ ਤੁਹਾਡੀ ਸਮਝ ਵਿਚ ਕਿੰਨਾ ਕੁ ਸੁਧਾਰ ਹੋਇਆ ਹੈ?

☐ ਬਹੁਤ ਜ਼ਿਆਦਾ ☐ ਥੋੜ੍ਹਾ ਜਿਹਾ ☐ ਬਹੁਤਾ ਨਹੀਂ

3. ਤੁਸੀਂ ਭਵਿੱਖ ਵਿਚ ਇਸ ਕਿਤਾਬਚੇ ਦੀ ਵਰਤੋਂ ਕਿਸ ਤਰ੍ਹਾਂ ਕਰਨ ਦਾ ਇਰਾਦਾ ਰੱਖਦੇ ਹੋ?

☐ ਜਾਣਕਾਰੀ ਲਈ ☐ ਅਗਾਂਹ ਦੇਣ ਲਈ ☐ ਆਪਣੀ ਨੁਮਾਇੰਦਗੀ ਕਰਨ ਲਈ
☐ ਹੋਰ .......................................................................................................................

4. ਪਬਲਿਕ ਲਈ ਕਾਨੂੰਨੀ ਸਿੱਖਿਆ ਦੇ ਕਿਹੜੇ ਹੋਰ ਵਿਸ਼ਿਆਂ ਵਿਚ ਤੁਸੀਂ ਦਿਲਚਸਪੀ ਰੱਖਦੇ ਹੋ?

☐ ਖਪਤਕਾਰਾਂ ਲਈ ਕਾਨੂੰਨ ☐ ਕੰਮਾਂ ਬਾਰੇ ਕਾਨੂੰਨ ☐ ਪਰਿਵਾਰਾਂ ਲਈ ਕਾਨੂੰਨ
☐ ਕਿਰਾਏਦਾਰੀ ਬਾਰੇ ਕਾਨੂੰਨ ☐ ਵਸੀਅਤਾਂ ਅਤੇ ਜਾਇਦਾਦ ☐ ਇਮੀਗਰੇਸ਼ਨ ਦਾ ਕਾਨੂੰਨ
☐ ਹੋਰ .......................................................................................................................

5. ਇਸ ਕਿਤਾਬਚੇ ਨੂੰ ਸੁਧਾਰਨ ਲਈ ਕੀ ਤੁਹਾਡੇ ਕੋਈ ਸੁਝਾਅ ਹਨ?

.......................................................................................................................................

.......................................................................................................................................

.......................................................................................................................................

.......................................................................................................................................

**ਮੁਕੰਮਲ ਕੀਤਾ ਹੋਇਆ ਇਵੈਲੂਏਸ਼ਨ ਫਾਰਮ ਇਸ ਐਡਰੈਸ 'ਤੇ ਵਾਪਸ ਭੇਜੋ:**

People's Law School

**ਡਾਕ:** Suite 150 - 900 Howe Street, Vancouver, BC V6Z 2M4 I **ਈਮੇਲ:** info@publiclegaled.bc.ca

ਇਹ ਫਾਰਮ ਇਸ ਵੈੱਬਸਾਈਟ 'ਤੇ ਔਨਲਾਈਨ ਵੀ ਭਰਿਆ ਜਾ ਸਕਦਾ ਹੈ: http://www.publiclegaled.bc.ca/bookletevaluation

31 ਦਸੰਬਰ ਤੱਕ ਵਿਚਾਰ ਭੇਜਣ ਵਾਲਿਆਂ ਨੂੰ ਗਿਫਟ ਜਿੱਤਣ ਲਈ ਸਾਡੇ ਸਲਾਨਾ ਡਰਾਅ ਵਿਚ ਸ਼ਾਮਲ ਕੀਤਾ ਜਾਵੇਗਾ।
ਗਿਫਟ ਹਰ ਸਾਲ ਬਦਲਦਾ ਰਹਿੰਦਾ ਹੈ।

ਪਬਲਿਕ ਲਈ ਕਾਨੂੰਨੀ ਸਿੱਖਿਆ ਲਈ ਆਪਣਾ ਸਮਾਂ ਦੇਣ ਅਤੇ ਦਿਲਚਸਪੀ ਲਈ ਤੁਹਾਡਾ ਧੰਨਵਾਦ – 2014

ਪੀਪਲ'ਜ਼ ਲਾਅ ਸਕੂਲ ਇਕ ਰਜਿਸਟਰਸ਼ੁਦਾ ਚੈਰੀਟੇਬਲ ਸੰਸਥਾ ਹੈ (No. 88722 5795 RR)
ਸਾਡੀਆਂ ਸੇਵਾਵਾਂ ਅਤੇ ਪ੍ਰੋਗਰਾਮਾਂ ਲਈ ਫੰਡਾਂ ਵਿਚ ਦਾਨ ਦੇਣ ਬਾਰੇ ਵਿਚਾਰ ਕਰੋ – publiclegaled.bc.ca/donate.

# PEOPLE'S LAW SCHOOL

ਪੀਪਲ'ਜ਼ ਲਾਅ ਸਕੂਲ, ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਚੈਰੀਟੇਬਲ ਸੁਸਾਇਟੀ ਹੈ। ਸਾਡਾ ਮਕਸਦ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਭਰੋਸੇਯੋਗ ਪਬਲਿਕ ਕਾਨੂੰਨੀ ਜਾਣਕਾਰੀ ਦੇਣਾ ਹੈ।

**ਇਹ ਕਿਤਾਬਚਾ ਪਬਲਿਕ ਲਈ ਸਿਰਫ ਕਾਨੂੰਨੀ ਜਾਣਕਾਰੀ ਦਿੰਦਾ ਹੈ।**
**ਜੇ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਤੁਹਾਨੂੰ ਕਿਸੇ ਕਾਨੂੰਨੀ ਮਾਹਰ ਨਾਲ ਗੱਲ ਕਰਨੀ ਚਾਹੀਦੀ ਹੈ।**

ਗੈਰ-ਵਪਾਰਕ ਮੰਤਵਾਂ ਲਈ ਦੁਬਾਰਾ ਤਿਆਰ ਕਰਨ ਦੀ ਆਗਿਆ ਹੈ ਪਰ ਪਬਲਿਸ਼ਰ ਦਾ ਹਵਾਲਾ ਦਿੱਤਾ ਜਾਣਾ ਜ਼ਰੂਰੀ ਹੈ – ਪੀਪਲ'ਜ਼ ਲਾਅ ਸਕੂਲ © 2014

ਪਬਲਿਕ ਲਈ ਕਾਨੂੰਨੀ ਸਿੱਖਿਆ ਦੇ ਹੋਰ ਸੰਬੰਧਿਤ ਕਿਤਾਬਚਿਆਂ ਵਿਚ ਸ਼ਾਮਲ ਹਨ:










ਇਹ ਕਿਤਾਬਚੇ ਔਨਲਾਈਨ ਇੱਥੇ ਉਪਲਬਧ ਹਨ:

**www.publiclegaled.bc.ca**

Clicklaw www.clicklaw.bc.ca

ਸਾਨੂੰ ਇੱਥੇ ਫੌਲੋ ਕਰੋ: @PLSBC People's Law School - BC PLSBC

**ਪੀਪਲ'ਜ਼ ਲਾਅ ਸਕੂਲ ਮਾਇਕ ਮਦਦ ਲਈ ਇਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹੈ**

BRITISH COLUMBIA Canada

**ਪੀਪਲ'ਜ਼ ਲਾਅ ਸਕੂਲ**
Suite 150 - 900 Howe Street, Vancouver, BC V6Z 2M4
604.331.5400 | info@publiclegaled.bc.ca

**ਇਸ ਪਬਲਿਕ ਸਰਵਿਸ ਲਈ ਦਾਨ ਦੇਣ ਬਾਰੇ ਵਿਚਾਰ ਕਰੋ।**
**ਤੁਹਾਡੇ ਵਲੋਂ ਦਿੱਤਾ ਗਿਆ ਦਾਨ ਬੀ ਸੀ ਦੇ ਲੋਕਾਂ ਨੂੰ ਕਾਨੂੰਨੀ ਸਿੱਖਿਆ ਅਤੇ ਜਾਣਕਾਰੀ ਦੇਣ ਵਿਚ ਸਾਡੀ ਮਦਦ ਕਰਦਾ ਹੈ।**
**20.00 ਡਾਲਰ ਤੋਂ ਉਪਰ ਦੇ ਦਾਨ ਲਈ ਟੈਕਸ ਰਸੀਦ ਦਿੱਤੀ ਜਾਵੇਗੀ।**
**ਕਿਰਪਾ ਕਰਕੇ ਆਪਣੀ ਈਮੇਲ ਜਾਂ ਐਡਰੈਸ ਲਿਖੋ ਤਾਂ ਜੋ ਤੁਹਾਨੂੰ ਟੈਕਸ ਦੀ ਰਸੀਦ ਭੇਜੀ ਜਾ ਸਕੇ।**

Human Trafficking in Canada [Punjabi] Crown Publication order number: 7550004301